ਡਾਇਰੈਕਟੋਰੇਟ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ
ਐਸ.ਸੀ.ਓ. ਨੰ: 102-103, ਸੈਕਟਰ 34-ਏ, ਚੰਡੀਗੜ੍ਹ।

ਵੱਲ

1. ਸਮੂਹ ਜਿਲ੍ਹਾ ਪ੍ਰੋਗਰਾਮ ਅਫਸਰ, ਪੰਜਾਬ।
2. ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫਸਰ, ਪੰਜਾਬ।

ਨੰ. ਡਿ.ਡਾ(E847535)/2025/I/1160921/2025

ਮਿਤੀ ਚੰਡੀਗੜ੍ਹ 25-07-2025

**ਵਿਸ਼ਾ- ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਭਰਤੀ/ਬਦਲੀ/ਪਦਉੱਨਤੀ ਅਤੇ ਸੇਵਾਵਾਂ ਦੀ ਹਦਾਇਤਾਂ ਸਬੰਧੀ।**

******

ਹਵਾਲਾ- ਇਸ ਵਿਭਾਗ ਦੇ ਪੱਤਰ ਨੰ. ਡਿ.ਡਾ-4(E-847535)/2025/I/1157209/2025 ਮਿਤੀ 22.07.2025 ਦੀ ਲਗਾਤਾਰਤਾ ਵਿੱਚ।

ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਵਿੱਚ ਕਲੈਰੀਕਲ ਗਲਤੀਆਂ ਨੂੰ ਦਰੁਸਤ ਕਰਦੇ ਹੋਏ ਮੁੜ ਤੋਂ ਹਦਾਇਤਾਂ ਦੀ ਕਾਪੀ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਹਦਾਇਤਾਂ ਦੀ ਕਾਪੀ।

DEPUTY DIRECTOR-4

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ/ਕੈਬਨਿਟ ਮੰਤਰੀ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ।
2. ਨਿੱਜੀ ਸਕੱਤਰ/ਵਿਸ਼ੇਸ਼ ਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ।
3. ਨਿੱਜੀ ਸਹਾਇਕ/ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ।
4. ਨਿੱਜੀ ਸਹਾਇਕ/ਸੰਯੁਕਤ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ।
5. ਸੁਪਰਡੰਟ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਪੰਜਾਬ (ਸਮਾਜਿਕ ਸੁਰੱਖਿਆ ਸ਼ਾਖਾ)।

**ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਭਰਤੀ/ਬਦਲੀ/ਪੱਦਉਨਤੀ ਅਤੇ ਸੇਵਾਵਾਂ ਸਬੰਧੀ ਹਦਾਇਤਾਂ**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ. ਡਿ-ਡਾ.4(E-847535)/2025/I/1080157/2025 ਮਿਤੀ 21.04.2025 ਰਾਹੀਂ ਆਈ.ਸੀ.ਡੀ.ਐਸ. ਸਕੀਮ ਅਧੀਨ ਕੰਮ ਕਾਜ ਲਈ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਬਦਲੀਆਂ/ਪੱਦਉਨਤੀਆਂ/ਸੇਵਾਵਾਂ ਸਬੰਧੀ ਅਤੇ ਭਰਤੀ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਹਦਾਇਤਾਂ ਵਿਚ ਅੰਸ਼ਿਕ ਸੋਧ ਕਰਦੇ ਹੋਏ ਨਵੀਆਂ ਹਦਾਇਤਾਂ ਸਰਕਾਰ ਦੇ ਪੱਤਰ ਨੰ. SSWCD-2/46/2022-5SS(E369203)/1154488 ਮਿਤੀ 18.07.2025 ਰਾਹੀਂ ਪ੍ਰਾਪਤ ਪ੍ਰਵਾਨਗੀ ਸਨਮੁੱਖ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਇਸ ਵਿਸ਼ੇ ਸਬੰਧੀ ਪਹਿਲਾਂ ਤੋਂ ਜਾਰੀ ਕੀਤੀਆਂ ਗਈਆਂ ਸਭ ਦਿਸ਼ਾ ਨਿਰਦੇਸ਼ ਅਤੇ ਹਦਾਇਤਾਂ ਰੱਦ ਸਮਝੀਆਂ ਜਾਣਗੀਆਂ।

**ਭਾਗ-I**

**ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਨਵੀਂ ਭਰਤੀ/ਬਦਲੀਆਂ/ਅਡਜੈਸਟਮੈਂਟਾਂ/ਪੱਦਉਨਤੀਆਂ ਅਤੇ ਸੇਵਾਵਾਂ ਸਬੰਧੀ ਸਮਾਂ ਸੀਮਾਂ ਅਤੇ ਇਸ਼ਤਿਹਾਰ ਜਾਰੀ ਕਰਨ ਦੀ ਪ੍ਰਕਿਰਿਆ**

i. ਵਿਭਾਗ ਵਿਚ ਆਂਗਣਵਾੜੀ ਵਰਕਰਾਂ ਦੀ ਪੱਦਉਨਤੀ, ਤਰਸ ਦੇ ਅਧਾਰ ਤੇ ਕੇਸਾਂ, ਵਿਆਹ ਉਪਰੰਤ ਐਡਜਸਟਮੈਂਟ ਅਤੇ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਦੀ ਬਦਲੀਆਂ ਹੇਠ ਲਿਖੇ ਸ਼ਡਿਊਲ ਅਨੁਸਾਰ ਸਾਲ ਵਿੱਚ 2 ਵਾਰੀ ਹਰੇਕ 6 ਮਹੀਨੇਂ ਬਆਦ (ਜਨਵਰੀ-ਜੂਨ, ਜੁਲਾਈ-ਦਿਸੰਬਰ) ਕੀਤੀਆਂ ਜਾਣਗੀਆਂ। ਜੇਕਰ ਕਿਸੇ ਕਾਰਨ (ਚੋਣਾਂ ਜਾਂ ਹੋਰ ਕਿਸੇ ਕਾਰਨ) ਇਹ ਬਦਲੀਆਂ/ਅਡਜਸਟਮੈਂਟਾਂ ਸ਼ਡਿਊਲ ਅਨੁਸਾਰ ਨਹੀਂ ਕੀਤੀਆਂ ਜਾਂਦੀਆਂ ਹਨ ਤਾਂ ਮੁੱਖ ਦਫਤਰ ਵੱਲੋ ਇਸ ਸਬੰਧੀ ਵਿਸੇਸ਼ ਸ਼ਡਿਊਲ ਜਾਰੀ ਕੀਤਾ ਜਾਵੇਗਾ। ਸ਼ਡਿਊਲ ਦੀ ਸਮਾਂ ਸੀਮਾਂ ਖਤਮ ਹੋਣ ਤੇ ਕਿਸੇ ਵੀ ਤਰ੍ਹਾਂ ਦੀ ਪੱਦਉਨਤੀ, ਤਰਸ ਦੇ ਅਧਾਰ ਤੇ ਕੇਸਾਂ, ਵਿਆਹ ਉਪਰੰਤ ਐਡਜਸਟਮੈਂਟ ਅਤੇ ਬਦਲੀ ਤੇ ਮੁਕੰਮਲ ਰੋਕ ਹੋਵੇਗੀ ਅਤੇ ਕੇਵਲ ਮੁੱਖ ਦਫਤਰ ਦੀ ਪ੍ਰਵਾਨਗੀ ਨਾਲ ਹੀ ਅਜਿਹੇ ਕੇਸਾਂ ਨੂੰ ਵਿਚਾਰਿਆ ਜਾਵੇਗਾ।

| ਲੜੀ ਨੰ | ਵਿਸ਼ਾ | ਪ੍ਰਕਿਰਿਆ ਸ਼ੁਰੂ ਅਤੇ ਮੁੰਕਮਲ ਕਰਨ ਦੀ ਮਿਤੀ | ਪ੍ਰਕਿਰਿਆ ਸ਼ੁਰੂ ਅਤੇ ਮੁੰਕਮਲ ਕਰਨ ਦੀ ਮਿਤੀ | ਵਿਸੇਸ਼ ਕਥਨ |
|---|---|---|---|---|
| | | ਜਨਵਰੀ-ਜੂਨ | ਜੁਲਾਈ-ਦਿਸੰਬਰ | |
| 1 | ਆਂਗਨਵਾੜੀ ਹੈਲਪਰਾਂ ਦੀ ਪੱਦਉਨੱਤੀ | 01 ਜਨਵਰੀ-15 ਜਨਵਰੀ | 01 ਜੁਲਾਈ-15 ਜੁਲਾਈ | ਇਸ ਸੰਬਧੀ ਕੋਈ ਸਮਾਂ ਸੀਮਾਂ ਨਹੀਂ Online ਪ੍ਰਕ੍ਰਿਆ ਰਾਂਹੀ ਯੋਗ ਹੈਲਪਰ ਦੀ ਪਦਉਨਤੀ ਲਈ ਕਾਰਵਾਈ ਕੀਤੀ ਜਾਵੇਗੀ। |
| 2 | ਤਰਸ ਦੇ ਅਧਾਰ ਤੇ ਆਂਗਣਵਾੜੀ ਵਰਕਰਾਂ/ ਆਂਗਣਵਾੜੀ ਹੈਲਪਰਾਂ ਦੀ ਨਿਯੁਕਤੀ | 16 ਜਨਵਰੀ-31 ਜਨਵਰੀ | 16 ਜੁਲਾਈ-31 ਜੁਲਾਈ | ਇਸ ਮੰਤਵ ਲਈ ਅਰਜੀ ਆਂਗਣਵਾੜੀ ਵਰਕਰ/ਹੈਲਪਰ ਦੀ ਮੋਤ ਤੋ 60 ਦਿਨਾਂ ਦੇ ਅੰਦਰ ਦੇਣੀ ਲਾਜ਼ਮੀ ਹੋਵੇਗੀ। ਸੰਬਧਤ ਸੀ.ਡੀ.ਪੀ.ਓ. ਵੱਲੋ ਪ੍ਰਾਪਤ ਅਰਜੀਆਂ ਨੂੰ ਇਸ ਸਮੇਂ ਦੌਰਾਨ ਨਿਪਟਾਰਾ ਕੀਤਾ ਜਾਵੇਗਾ। |

Deputy Director
Department of Social Security and Women & Child Development, Punjab, Chandigarh

| | | | | |
|---|---|---|---|---|
| 3 | a) ਆਂਗਨਵਾੜੀ ਵਰਕਰਾਂ/ਹੈਲਪਰਾਂ ਦੀ ਬਦਲੀ/ਐਡਜਸਟਮੈਂਟ ਸਬੰਧੀ ਬਿਨੈਪੱਤਰ ਪ੍ਰਾਪਤ ਕਰਨ ਦੀ ਆਖਰੀ ਮਿਤੀ 31 ਜਨਵਰੀ/31 ਜੁਲਾਈ | 01 ਫਰਵਰੀ -14 ਫਰਵਰੀ | 01 ਅਗਸਤ - 15 ਅਗਸਤ | (i) ਇਸ ਸੰਬਧੀ ਅਰਜੀਆਂ 1 ਜਨਵਰੀ/1 ਜੁਲਾਈ ਤੋਂ 28 ਜਨਵਰੀ/31 ਜੁਲਾਈ ਤੱਕ ਦਿੱਤੀਆਂ ਜਾ ਸਕਦੀਆਂ ਹਨ।<br>(ii) ਸਬੰਧਤ ਸੀ.ਡੀ.ਪੀ.ਓ. ਵੱਲੋ ਪ੍ਰਾਪਤ ਅਰਜੀਆਂ ਨੂੰ Online ਅਰਜੀਆਂ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਇੱਕ ਤੋ ਜਿਆਦਾ ਅਰਜੀਆਂ ਪ੍ਰਾਪਤ ਹੋਣ ਦੀ ਸੂਰਤ ਵਿੱਚ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।<br>(iii) ਮਿਥੀ ਮਿਤੀ ਤੋ ਬਆਦ ਬਦਲੀਆਂ/ਐਡਜਸਟਮੈਂਟਾਂ ਤੇ ਮੁਕੰਮਲ ਰੋਕ ਹੋਵੇਗੀ। |
| | b) ਫੈਸਲਾ ਕਰਨ ਦੀ ਮਿਤੀ | 15 ਫਰਵਰੀ -28 ਫਰਵਰੀ | 16 ਅਗਸਤ - 31 ਅਗਸਤ | |

ii. **ਨਵੀਂ ਭਰਤੀ ਸਬੰਧੀ ਇਸ਼ਤਿਹਾਰ ਜਾਰੀ ਕਰਨ ਦੀ ਪ੍ਰਕਿਰਿਆ** ਵਿਭਾਗ ਵਿਚ ਆਂਗਣਵਾੜੀ ਵਰਕਰਾਂ ਦੀ ਪੱਦਉਨਤੀ, ਤਰਸ ਦੇ ਅਧਾਰ ਤੇ ਕੇਸਾਂ, ਵਿਆਹ ਉਪਰੰਤ ਐਡਜਸਟਮੈਂਟ ਅਤੇ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਦੀ ਬਦਲੀ ਉਪਰੰਤ ਜੋ ਅਸਾਮੀਆਂ ਖ਼ਾਲੀ ਰਹਿ ਜਾਣਗੀਆਂ, ਉਨ੍ਹਾਂ ਸਬੰਧੀ ਸਾਲ ਵਿਚ 2 ਵਾਰੀ ਇਸ਼ਤਿਹਾਰ ਦਿੱਤਾ ਜਾਵੇਗਾ। ਇਹ ਇਸ਼ਤਿਹਾਰ ਅਪ੍ਰੈਲ/ਅਕਤੂਬਰ ਮਹੀਨੇਂ ਵਿੱਚ ਵਿਭਾਗ ਵੱਲੋ ਮੁੱਖ ਦਫਤਰ ਦੇ ਪੱਧਰ ਤੇ ਜਾਰੀ ਕੀਤਾ ਜਾਵੇਗਾ ਅਤੇ ਇਸ ਇਸ਼ਤਿਹਾਰ ਨੂੰ ਵਿਭਾਗ ਦੀ ਵੈਬਸਾਈਟ ਅਤੇ ਸਬੰਧਤ ਜਿਲਿਆਂ ਦੀ ਵੈਬਸਾਈਟ ਤੇ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।

| **ਲੜੀ ਨੰ.** | **ਇਸ਼ਤਿਹਾਰ ਜਾਰੀ ਕਰਨ ਦੀ ਮਿਤੀ** | **ਅਰਜੀਆਂ ਦੀ ਆਖਰੀ ਮਿਤੀ** | **ਮੈਰਿਟ ਸੂਚੀ ਜਾਰੀ ਕਰਨ ਦੀ ਮਿਤੀ** | **ਨਿਯੁਕਤੀ ਪ੍ਰਕਿਰਿਆ ਮੁੰਕਮਲ ਕਰਨ ਦੀ ਮਿਤੀ** | **ਪਹਿਲੀ ਅਪੀਲ ਕਰਨ ਦੀ ਆਖਰੀ ਮਿਤੀ** |
|---|---|---|---|---|---|
| 1. | 1-10 ਮਾਰਚ | 10 ਅਪ੍ਰੈਲ | 01 ਮਈ | 15 ਮਈ | 15 ਜੂਨ |
| 2. | 1-10 ਸਤੰਬਰ | 10 ਅਕਤੂਬਰ | 01 ਨਵੰਬਰ | 15 ਨਵੰਬਰ | 15 ਦਿਸੰਬਰ |

iii. ਉਪਰੋਕਤ ਕਾਰਵਾਈ ਸਨਮੁੱਖ ਸ਼ਿਕਾਇਤ ਜਾਂ ਅਪੀਲ ਆਖਰੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਕਰਨੀ ਲਾਜਮੀ ਹੋਵੇਗੀ। ਕਿਸੇ ਵਿਸ਼ੇਸ਼ ਹਾਲਾਤਾਂ ਵਿੱਚ ਅਪੀਲ 01 ਮਹੀਨੇ ਦੇ ਅੰਦਰ ਨਹੀਂ ਹੋ ਸਕੀ ਤਾਂ ਜੇਕਰ ਕਮੇਟੀ ਵਲੋਂ ਕੋਈ ਵਾਜਬ ਕਾਰਨ ਹੋਵੇ ਉਸਨੂੰ ਲਿਖਤੀ ਰੂਪ ਵਿੱਚ ਰਿਕਾਰਡ ਕਰਦੇ ਹੋਏ, 01 ਮਹੀਨੇ ਦੇ ਸਮੇਂ ਦੇ ਵਿੱਚ ਛੋਟ ਦੇਣ ਦੀ ਇਜਾਜਤ ਹੋਵੇਗੀ, ਜੋ ਕਿ ਵੱਧ ਤੋਂ ਵੱਧ 01 ਮਹੀਨੇ ਦੀ ਹੋਰ ਹੋ ਸਕਦੀ ਹੈ। ਇਸ ਉਪਰੰਤ ਪ੍ਰਾਪਤ ਹੋਣ ਵਾਲੀ ਅਪੀਲ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

iv. **ਅਰਜ਼ੀ ਦੀ ਫੀਸ:** ਅਰਜ਼ੀਆਂ ਨੂੰ ਆਨਲਾਈਨ ਪ੍ਰੋਸੈਸ ਕਰਨ ਲਈ ਵਿਭਾਗ ਵੱਲੋ ਨਿਰਧਾਰਤ ਫ਼ੀਸ ਵਿੱਚ ਵਾਧਾ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ ਅਤੇ ਸ਼ੁਰੂਆਤ ਵਿੱਚ ਹੇਠ ਲਿਖੇ ਅਨੁਸਾਰ ਫ਼ੀਸ ਨਿਰਧਾਰਤ ਕੀਤੀ ਜਾਂਦੀ

Deputy Director
Department of Social Security and Women & Child Development, Punjab, Chandigarh

ਹੈ। ਇਹ ਫੀਸ ਆਨਲਾਈਨ ਪੋਰਟਲ ਨੂੰ ਮੈਨਟੇਨ ਕਰਨ ਲਈ ਵਰਤੀ ਜਾਵੇਗੀ। ਜਦ ਤੱਕ ਫੀਸ ਸੰਬਧੀ ਆਨਲਾਈਨ ਪੋਰਟਲ ਸ਼ੁਰੂ ਨਹੀਂ ਹੋ ਜਾਂਦਾ ਉਦੋ ਤੱਕ ਇਹ ਫੀਸ ਵਿਭਾਗ ਦੇ ਰਸੀਟ ਹੈਡ ਵਿੱਚ ਸੰਬਧਤ ਸੀ.ਡੀ.ਪੀ.ਓ. ਵੱਲੋ ਜਮ੍ਹਾਂ ਕਰਵਾਈ ਜਾਵੇਗੀ।

| ਲੜੀ ਨੰ | ਅਸਾਮੀ | ਫੀਸ | |
|---|---|---|---|
| | | ਜਨਰਲ | ਅਨੁਸੂਚਿਤ ਜਾਤੀਆਂ/ ਪੱਛੜੀਆਂ ਸ਼੍ਰੇਣੀਆਂ/ ਵਿਧਵਾ/ ਤਲਾਕਸ਼ੁਦਾ ਔਰਤਾਂ/ ਦਿਵਿਆਂਗਜਨ |
| 1 | ਆਂਗਨਵਾੜੀ ਵਰਕਰ | 500 | 250 |
| 2 | ਆਂਗਨਵਾੜੀ ਹੈਲਪਰ | 300 | 150 |

**ਭਾਗ-II**

**ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਦੀ ਅਸਾਮੀ ਸਬੰਧੀ ਲੋੜੀਦੀ ਸ਼ਰਤਾਂ**

1. **ਵਿੱਦਿਅਕ ਯੋਗਤਾ ਦੀਆਂ ਸ਼ਰਤਾਂ:**

i. ਆਂਗਣਵਾੜੀ ਵਰਕਰ ਲਈ

- ਘੱਟੋ-ਘੱਟ ਗਰੈਜੂਏਸ਼ਨ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ; ਅਤੇ
- ਦਸਵੀਂ ਪੱਧਰ ਦਾ ਜਾਂ ਇਸ ਦੇ ਬਰਾਬਰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋ ਆਯੋਜਿਤ ਕੀਤਾ ਜਾਂਦਾ ਪੰਜਾਬੀ ਵਿਸ਼ੇ ਦਾ ਇਮਤਿਹਾਨ ਪਾਸ ਕੀਤਾ ਹੋਵੇ।

ii. ਆਗਣਵਾੜੀ ਹੈਲਪਰ ਲਈ

- ਘੱਟੋ-ਘੱਟ 10+2 ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ; ਅਤੇ
- ਦਸਵੀਂ ਪੱਧਰ ਦਾ ਜਾਂ ਇਸ ਦੇ ਬਰਾਬਰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋ ਆਯੋਜਿਤ ਕੀਤਾ ਜਾਂਦਾ ਪੰਜਾਬੀ ਵਿਸ਼ੇ ਦਾ ਇਮਤਿਹਾਨ ਪਾਸ ਕੀਤਾ ਹੋਵੇ।

iii. ਬਿਨੈਕਾਰ ਵੱਲੋ ਉਪਰੋਕਤ ਘੱਟੋ-ਘੱਟ ਯੋਗਤਾ ਪੂਰੀ ਕਰਦੇ ਹੋਣ ਤੇ ਉਸ ਦਾ ਨਿਯੁਕਤੀ ਸਬੰਧੀ ਕੋਈ ਹੱਕ ਨਹੀਂ ਹੋਵੇਗਾ ਅਤੇ ਜੇਕਰ ਕਿਸੇ ਬਿਨੈਕਾਰ ਪਾਸ ਜਿਆਦਾ ਵਿੱਦਿਅਕ ਯੋਗਤਾ ਹੈ ਤਾਂ ਉਸ ਦੀ ਵਧੇਰੇ ਵਿੱਦਿਅਕ ਯੋਗਤਾ ਨੂੰ ਮੰਨਦੇ ਹੋਏ ਸਿਲੈਕਸ਼ਨ ਕਰਾਈਟੀਰੀਏ ਵਿੱਚ ਸ਼ਾਮਿਲ ਕੀਤਾ ਜਾਵੇਗਾ।

iv. ਆਂਗਣਵਾੜੀ ਵਰਕਰਾਂ ਦੀ ਸਿੱਧੀ ਭਰਤੀ ਸਬੰਧੀ ਸਿਲੈਕਸ਼ਨ ਕਰਾਈਟੀਰੀਆ ਹੇਠ ਲਿਖੇ ਅਨੁਸਾਰ ਹੋਵੇਗਾ।

| ਲੜੀ ਨੰ (1) | ਵਿੱਦਿਅਕ ਯੋਗਤਾ (2) | ਕੁੱਲ ਅੰਕ (3) | ਵਿਸੇਸ਼ ਕਥਨ (4) |
|---|---|---|---|
| 1 | 10 | 5 | ਜੇਕਰ ਕਿਸੇ ਬਿਨੈਕਾਰ ਦੇ 60 ਪ੍ਰਤੀਸ਼ਤ ਨੰਬਰ ਹਨ ਤਾਂ 3 ਨੰਬਰ ਲੱਗਣਗੇ ਅਤੇ ਦਸ਼ਮਲਵ ਬਿੰਦੂ ਤੋ 2 ਅੰਕਾਂ ਤੱਕ ਰੱਖਿਆ ਜਾਵੇਗਾ ਅਤੇ Round off ਨਹੀਂ ਕੀਤਾ ਜਾਵੇਗਾ। {e.g. 60/100x5=3} |
| 2 | 10+2 | 5 | (X/100)*(ਕਾਲਮ ਨੰ (3)) ਦੇ ਫਾਰਮੂਲਾ ਅਨੁਸਾਰ ਮੈਰਿਟ ਕੈਲਕੁਲੇਟ ਕੀਤੀ ਜਾਵੇਗੀ। |
| 3 | ਗ੍ਰੈਜੁਏਸ਼ਨ ਡਿਗਰੀ | 25 | |

Deputy Director
Department of Social Security and Women & Child Development, Punjab, Chandigarh

| | | | |
|---|---|---|---|
| 4 | B.Ed/ETT/D.El.Ed (ਮਾਨਤਾ ਪ੍ਰਾਪਤ) ਜਾਂ ਇਸ ਦੇ ਬਰਾਬਰ ਦੀ ਯੋਗਤਾ | 10 | (X ਦਾ ਅਰਥ ਉਮੀਦਵਾਰ ਵਲੋਂ ਯੋਗਤਾ ਵਿੱਚ ਪ੍ਰਾਪਤ ਕੁੱਲ ਅੰਕਾਂ ਦੀ ਪ੍ਰਤੀਸ਼ਤਤਾ) |
| 5 | (i) ਵਿਧਵਾ ਜਾਂ ਤਲਾਕਸ਼ੁਦਾ NRI ਦੁਆਰਾ ਛੱਡੀ ਨਿਆਸ਼ਰਿਤ ਔਰਤ / 05 ਸਾਲ ਤੋਂ ਵੱਖਰੇ ਤੌਰ ਤੇ ਰਹਿ ਰਹੀ ਔਰਤ<br>ਜਾਂ<br>(ii) ਪਿੰਡ ਦੀ ਨੂੰਹ | 5<br><br>3 | ਵਿਧਵਾ ਨੂੰ ਪਤੀ ਦੀ ਮੌਤ ਦਾ ਸਰਟੀਫਿਕੇਟ ਦੇਣ ਤੇ ਅਤੇ ਤਲਾਕਸ਼ੁਦਾ ਬਿਨੇਕਾਰ ਕੋਲ ਅਦਾਲਤ ਦੇ ਆਰਡਰ ਹੋਣ ਤੇ ਨੰਬਰ ਮਿਲਣਯੋਗ ਹੋਣਗੇ। / ਕਿਸੇ ਅਦਾਲਤ ਜਾਂ ਪੰਚਾਇਤ ਵਲੋਂ ਹੋਏ ਫੈਸਲੇ ਦਾ ਸਬੂਤ ਦੇਣ ਤੇ ਹੀ ਨੰਬਰ ਮਿਲਣਯੋਗ ਹੋਣਗੇ। ਸਬੂਤ ਦੇ ਤੋਰ ਤੇ ਰਿਹਾਇਸ਼ ਦਾ ਸਰਟੀਫਿਕੇਟ ਦੇਣਾ ਲਾਜਮੀ ਹੋਵੇਗਾ। |
| | **ਕੁੱਲ ਜੋੜ** | 50 | |

v. ਆਂਗਣਵਾੜੀ ਹੈਲਪਰਾਂ ਦੀ ਸਿੱਧੀ ਭਰਤੀ ਸਬੰਧੀ ਸਿਲੈਕਸ਼ਨ ਕਰਾਈਟੀਰੀਆ ਹੇਠ ਲਿਖੇ ਅਨੁਸਾਰ ਹੋਵੇਗਾ।

| ਲੜੀ ਨੰ<br>(1) | ਵਿੱਦਿਅਕ ਯੋਗਤਾ<br>(2) | ਕੁੱਲ ਅੰਕ<br>(3) | ਵਿਸੇਸ਼ ਕਥਨ<br>(4) |
|---|---|---|---|
| 1 | ਮੈਟ੍ਰਿਕ | 10 | ਜੇਕਰ ਕਿਸੇ ਬਿਨੈਕਾਰ ਦੇ 60 ਪ੍ਰਤੀਸ਼ਤ ਨੰਬਰ ਹਨ ਤਾਂ 6 ਨੰਬਰ ਲੱਗਣਗੇ ਅਤੇ ਦਸ਼ਮਲਵ ਬਿੰਦੂ ਤੋ 2 ਅੰਕਾਂ ਤੱਕ ਰੱਖਿਆ ਜਾਵੇਗਾ ਅਤੇ Round off ਨਹੀਂ ਕੀਤਾ ਜਾਵੇਗਾ। {e.g. 60/100x10=6} |
| 2 | 10+2 ਜਾਂ ਇਸ ਦੇ ਬਰਾਬਰ ਦੀ ਯੋਗਤਾ | 25 | (X/100)*(ਕਾਲਮ ਨੰ (3)) ਦੇ ਫਾਰਮੂਲਾ ਅਨੁਸਾਰ ਮੈਰਿਟ ਕੈਲਕੁਲੇਟ ਕੀਤੀ ਜਾਵੇਗੀ। (X ਦਾ ਅਰਥ ਉਮੀਦਵਾਰ ਵਲੋਂ ਯੋਗਤਾ ਵਿੱਚ ਪ੍ਰਾਪਤ ਕੁੱਲ ਅੰਕਾਂ ਦੀ ਪ੍ਰਤੀਸ਼ਤਤਾ) |
| 3 | ਗ੍ਰੈਜੂਏਸ਼ਨ ਡਿਗਰੀ/ETT/ B.Ed/D.El.Ed./NTT ਜਾਂ ਇਸ ਦੇ ਬਰਾਬਰ ਦੀ ਯੋਗਤਾ | 10 | |
| 4 | (i) ਵਿਧਵਾ ਜਾਂ ਤਲਾਕਸ਼ੁਦਾ NRI ਦੁਆਰਾ ਛੱਡੀ ਨਿਆਸ਼ਰਿਤ ਔਰਤ / 05 ਸਾਲ ਤੋਂ ਵੱਖਰੇ ਤੌਰ ਤੇ ਰਹਿ ਰਹੀ ਔਰਤ<br>ਜਾਂ<br>(ii) ਪਿੰਡ ਦੀ ਨੂੰਹ | 5<br><br>3 | ਵਿਧਵਾ ਨੂੰ ਪਤੀ ਦੀ ਮੌਤ ਦਾ ਸਰਟੀਫਿਕੇਟ ਦੇਣ ਤੇ ਅਤੇ ਤਲਾਕਸ਼ੁਦਾ ਬਿਨੇਕਾਰ ਕੋਲ ਅਦਾਲਤ ਦੇ ਆਰਡਰ ਹੋਣ ਤੇ ਨੰਬਰ ਮਿਲਣਯੋਗ ਹੋਣਗੇ। / ਕਿਸੇ ਅਦਾਲਤ ਜਾਂ ਪੰਚਾਇਤ ਵਲੋਂ ਹੋਏ ਫੈਸਲੇ ਦਾ ਸਬੂਤ ਦੇਣ ਤੇ ਹੀ ਨੰਬਰ ਮਿਲਣਯੋਗ ਹੋਣਗੇ। ਸਬੂਤ ਦੇ ਤੋਰ ਤੇ ਰਿਹਾਇਸ਼ ਦਾ ਸਰਟੀਫਿਕੇਟ ਦੇਣਾ ਲਾਜਮੀ ਹੋਵੇਗਾ। |
| | ਕੁੱਲ ਜੋੜ | 50 | |

vi. ਵੱਖ-ਵੱਖ ਬੋਰਡਾਂ/ਯੂਨੀਵਰਸਿਟੀਆਂ ਵਲੋਂ ਵਿਦਿਅਕ ਨਤੀਜੇ ਅਲੱਗ-ਅਲੱਗ ਫਾਰਮੈਟਾਂ ਵਿੱਚ ਘੋਸ਼ਿਤ ਕਰਨ ਕਾਰਨ ਮੈਰਿਟ ਸੂਚੀ ਤਿਆਰ ਕਰਨ ਲਈ ਕੇਵਲ ਪ੍ਰਤੀਸ਼ਤਤਾ ਨੂੰ ਵਿਚਾਰਿਆ ਜਾਵੇਗਾ। ਜੇਕਰ ਕਿਸੇ ਬੋਰਡ/ਯੂਨੀਵਰਸਿਟੀ ਵੱਲੋ GPA, CGPA, ਜਾਂ ਕਿਸੇ ਹੋਰ ਫਾਰਮੈਟ ਵਿੱਚ ਐਲਾਨੇ ਨਤੀਜਿਆਂ ਨੂੰ ਪ੍ਰਤੀਸ਼ਤਤਾ

Deputy Director
Department of Social Security and Women & Child Development, Punjab, Chandigarh

ਵਿੱਚ ਤਬਦੀਲ ਕੀਤਾ ਜਾਵੇਗਾ, ਜਿਸ ਸਬੰਧੀ ਜਾਣਕਾਰੀ ਸਬੰਧਤ ਬੋਰਡ/ਯੂਨੀਵਰਸਿਟੀ ਤੋ ਜਾਂ ਬੋਰਡ/ਯੂਨੀਵਰਸਿਟੀ ਦੀ ਅਧਿਕਾਰਤ ਵੈਬਸਾਈਟ ਤੋ ਪ੍ਰਾਪਤ ਕੀਤੀ ਜਾਵੇਗੀ।

vii. ਮੈਰਿਟ ਸੂਚੀ ਤਿਆਰ ਕਰਨ ਸਮੇਂ ਪ੍ਰਤੀਸ਼ਤਤਾ ਦੀ ਗਣਨਾ ਕਰਨ ਲਈ ਕੇਵਲ ਲਾਜ਼ਮੀ ਅਤੇ ਚੋਣਵੇਂ ਵਿਸ਼ਿਆਂ ਦੇ ਅੰਕਾਂ ਨੂੰ ਜੋੜਿਆ ਜਾਵੇਗਾ ਅਤੇ ਵਾਧੂ ਵਿਸ਼ਿਆਂ ਜਾਂ ਵਿਕਲਪਿਕ ਵਿਸ਼ਿਆਂ ਦੇ ਅੰਕਾਂ ਨੂੰ ਪ੍ਰਤੀਸ਼ਤਤਾ ਦੀ ਗਣਨਾ ਵਿੱਚ ਨਹੀਂ ਜੋੜਿਆ ਜਾਵੇਗਾ।

viii. ਪ੍ਰਤੀਸ਼ਤਤਾ ਦੀ ਗਣਨਾਂ ਸਮੇਂ ਦਸ਼ਮਲਵ ਬਿੰਦੂ ਦੇ ਬਆਦ 2 ਅੰਕਾਂ ਨੂੰ ਗਿਣਿਆ ਜਾਵੇਗਾ ਅਤੇ ਰਾਉਂਡ-ਆਫ (round-off) ਨਹੀਂ ਕੀਤਾ ਜਾਵੇਗਾ।

ix. ਡਿਸਟੈਂਸ ਐਜੂਕੇਸ਼ਨ ਜਾਂ ਓਪਨ ਸਕੂਲ ਰਾਂਹੀ ਪਾਸ ਕੀਤੀਆਂ ਵਿੱਦਿਅਕ ਯੋਗਤਾਵਾਂ ਨੂੰ ਯੂ.ਜੀ.ਸੀ./ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਹਦਾਇਤਾਂ ਅਨੁਸਾਰ ਮੈਰਿਟ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

x. ਜੇਕਰ ਕਿਸੇ ਕੋਰਸ ਦੀ ਮਾਨਤਾ ਸਬੰਧੀ ਕੋਈ ਸਪਸ਼ਟਤਾ ਨਾ ਹੋਵੇ ਤਾਂ ਇਸ ਸਬੰਧੀ ਕੇਸ ਰਹਿਬਰੀ ਲਈ ਮੁੱਖ ਦਫਤਰ ਨੂੰ ਭੇਜਿਆ ਜਾਵੇਗਾ ਅਤੇ ਫੈਸਲਾ ਹੋਣ ਉਪਰੰਤ ਹੀ ਮੈਰਿਟ ਸੂਚੀ ਜਾਰੀ ਕੀਤੀ ਜਾਵੇਗੀ।

xi. ਬਿਨੈਕਾਰ ਵੱਲੋ ਅਰਜੀਆਂ ਪ੍ਰਾਪਤ ਹੋਣ ਦੀ ਮਿਤੀ ਤੱਕ ਘੱਟੋ-ਘੱਟ ਯੋਗਤਾ ਪੂਰੀ ਕੀਤੀ ਹੋਣੀ ਚਾਹੀਦੀ ਹੈ। ਜੇਕਰ ਬਿਨੈਕਾਰ ਵੱਲੋ ਘੱਟੋ-ਘੱਟ ਯੋਗਤਾ ਦੇ ਸਬੂਤ ਅਰਜੀ ਦੇ ਨਾਲ ਜਮ੍ਹਾਂ ਨਹੀਂ ਕਰਵਾਏ ਜਾਂਦੇ ਹਨ ਤਾਂ ਉਸ ਦੀ ਅਰਜੀ ਰੱਦ ਕਰ ਦਿੱਤੀ ਜਾਵੇਗੀ।

xii. ਵਾਧੂ ਅੰਕਾਂ ਸਬੰਧੀ ਸਬੂਤ ਸਬੰਧਤ ਬਿਨੈਕਾਰ ਵੱਲੋ ਅਰਜੀ ਫਾਰਮ ਦੇ ਨਾਲ ਨੱਥੀ ਕਰਨੇ ਹੋਣਗੇ ਅਤੇ ਜੇਕਰ ਸਬੰਧਤ ਵੱਲੋ ਸਬੂਤ ਅਰਜੀ ਫਾਰਮ ਦੇ ਨਾਲ ਨੱਥੀ ਨਹੀਂ ਕੀਤੇ ਜਾਂਦੇ ਤਾਂ ਇਹਨਾਂ ਨੂੰ ਮੈਰਿਟ ਸੂਚੀ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ। ਪ੍ਰੰਤੂ ਜੇਕਰ ਬਿਨੈਕਾਰ ਵੱਲੋ ਸਬੰਧਤ ਅਸਾਮੀ ਦੀ ਕਾਂਊਸਲਿੰਗ ਦੀ ਮਿਤੀ ਤੋ ਪਹਿਲਾਂ ਜਾਂ ਉਸ ਮਿਤੀ ਨੂੰ ਬਰਾਬਰ ਦੀ ਯੋਗਤਾ ਸਬੰਧੀ ਸਬੂਤ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਦਿੱਤੇ ਜਾਂਦੇ ਹਨ ਤਾਂ ਵਿੱਦਿਅਕ ਯੋਗਤਾ ਨੂੰ ਮੈਰਿਟ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇਗਾ ਅਤੇ ਸੋਧੀ ਹੋਈ ਮੈਰਿਟ ਸੂਚੀ ਜਾਰੀ ਕੀਤੀ ਜਾਵੇਗੀ। ਅਜਿਹੇ ਦਸਤਾਵੇਜ ਜਮ੍ਹਾਂ ਕਰਵਾਉਣ ਦੀ ਨਿਰੋਲ ਜਿਮੇਵਾਰੀ ਬਿਨੈਕਾਰ ਦੀ ਹੋਵੇਗੀ।

xiii. ਨਿਯੁਕਤੀ ਤੋਂ ਬਾਅਦ ਵਿੱਦਿਅਕ ਯੋਗਤਾ ਦੇ ਸਾਰੇ ਦਸਤਾਵੇਜ਼ਾਂ ਨੂੰ ਜਾਰੀਕਰਤਾ ਬੋਰਡ ਜਾਂ ਯੂਨੀਵਰਸਿਟੀ ਪਾਸੋ 6 ਮਹੀਨੇਂ ਦੇ ਅੰਦਰ-ਅੰਦਰ ਵੈਰੀਫਾਈ ਕਰਵਾਉਣਾ ਲਾਜ਼ਮੀ ਹੋਵੇਗਾ ਅਤੇ ਇਸ ਸਬੰਧੀ ਕੇਵਲ ਡਿਗਰੀ ਸਰਟੀਫਿਕੇਟ ਦੀ Transcript ਪ੍ਰਾਪਤ ਕਰਨ ਲਈ ਸਬੰਧਤ ਆਂਗਣਵਾੜੀ ਵਰਕਰ ਅਤੇ ਹੈਲਪਰ ਵੱਲੋ ਬਣਦੀ ਫੀਸ ਸਬੰਧਤ ਬੋਰਡ/ਯੂਨੀਵਰਸਿਟੀ ਨੂੰ ਅਦਾ ਕਰਨੀ ਪਵੇਗੀ। ਜੇਕਰ ਸਬੰਧਤ ਬੋਰਡ/ਯੂਨੀਵਰਸਿਟੀ ਵੱਲੋ ਆਨਲਾਈਨ ਵੈਰੀਫਿਕੇਸ਼ਨ ਦੀ ਸੁਵਿਧਾ ਉਪਲਬਧ ਹੈ ਤਾਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਵੈਰੀਫਿਕੇਸ਼ਨ ਕਰਦੇ ਹੋਏ ਇਸ ਨੂੰ ਦਫਤਰੀ ਰਿਕਾਰਡ ਵਿੱਚ ਦਰਜ ਕੀਤਾ ਜਾਵੇਗਾ।

xiv. ਇਹ ਸ਼ਰਤ ਤਰਸ/ਪੱਦਉਨਤ (ਜੇਕਰ ਸਬੰਧਤ ਆਂਗਣਵਾੜੀ ਹੈਲਪਰ ਦੀ ਨਿਯੁਕਤੀ ਮੈਟ੍ਰਿਕ ਦੇ ਅਧਾਰ ਤੇ ਹੋਈ ਹੋਵੇ ਅਤੇ ਉਸ ਵੱਲੋ ਹੈਲਪਰ ਵਜੋ ਨਿਯੁਕਤੀ ਹੋਣ ਉਪਰੰਤ ਆਪਣੀ ਯੋਗਤਾ ਵਿੱਚ ਵਾਧਾ ਕੀਤਾ ਗਿਆ ਹੋਵੇ) ਦੇ ਅਧਾਰ ਤੇ ਨਿਯੁਕਤ ਹੋਈਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਨਿਯੁਕਤੀਆਂ ਤੇ ਵੀ ਲਾਗੂ ਹੋਵੇਗੀ।

xv. ਬਿਨੈਕਾਰ ਦੀ ਅਰਜੀ ਅਧੂਰੀ ਭਰੀ ਪ੍ਰਾਪਤ ਹੋਣ ਦੀ ਸੂਰਤ ਵਿੱਚ (ਜੇਕਰ ਵਿੱਦਿਅਕ ਯੋਗਤਾ ਦਾ ਨਤੀਜਾ ਘੋਸ਼ਿਤ ਨਾ ਕੀਤਾ ਗਿਆ ਹੋਵੇ) ਤਾਂ ਬਿਨੈਕਾਰ ਵੱਲੋ ਅਰਜੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ ਤੋ ਪਹਿਲਾਂ ਨਤੀਜਾ ਜਮ੍ਹਾ ਕਰਵਾਉਣਾ ਲਾਜ਼ਮੀ ਹੋਵੇਗਾ। ਇਸ ਸਬੰਧੀ ਬਿਨੈਕਾਰ ਨਾਲ ਕਿਸੇ ਕਿਸਮ ਦਾ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਹੋਰ ਮੋਕਾ ਦਿੱਤਾ ਜਾਵੇਗਾ।

2. **ਉਮਰ ਸਬੰਧੀ ਸ਼ਰਤਾਂ:**

Deputy Director
Department of Social Security and Women & Child Development, Punjab, Chandigarh

i. ਆਂਗਣਵਾੜੀ ਵਰਕਰ ਦੀ ਭਰਤੀ ਲਈ ਘੱਟੋ-ਘੱਟ ਉਮਰ 21 ਸਾਲ ਅਤੇ ਵੱਧ ਤੋਂ ਵੱਧ ਉਮਰ 37 ਸਾਲ ਹੋਵੇਗੀ ਅਤੇ ਆਂਗਣਵਾੜੀ ਹੈਲਪਰ ਦੀ ਭਰਤੀ ਲਈ ਘੱਟੋ-ਘੱਟ ਉਮਰ 18 ਸਾਲ ਅਤੇ ਵੱਧ ਤੋਂ ਵੱਧ ਉਮਰ 37 ਸਾਲ ਹੋਵੇਗੀ

ii. ਅਨੁਸੂਚਿਤ/ਪਿਛੜੀਆਂ ਜਾਤੀਆਂ ਦੇ ਉਮੀਦਵਾਰਾਂ ਲਈ ਉਮਰ ਦੀ ਹੱਦ 42 ਸਾਲ ਹੋਵੇਗੀ।

iii. ਦਿਵਿਆਂਗਜਨ ਬਿਨੈਕਾਰਾਂ ਲਈ ਵੱਧ ਤੋਂ ਵੱਧ ਉਮਰ ਦੀ ਹੱਦ 47 ਸਾਲ ਹੋਵੇਗੀ। ਅਤੇ ਸਬੰਧਤ ਬਿਨੈਕਾਰ ਨੂੰ ਇਸ ਦਾ ਲਾਭ ਲੈਣ ਲਈ ਸਰਕਾਰ ਵੱਲੋ ਜਾਰੀ ਯੂ.ਡੀ.ਆਈ.ਡੀ.(UDID) ਕਾਰਡ ਪੇਸ਼ ਕਰਨਾ ਹੋਵੇਗਾ।

iv. ਵਿਧਵਾ ਅਤੇ ਤਲਾਕਸ਼ੁਦਾ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਹੱਦ 47 ਸਾਲ ਹੋਵੇਗੀ।

v. ਉਮਰ ਸਬੰਧੀ ਸ਼ਰਤਾਂ ਇਸ਼ਤਿਹਾਰ ਜਾਰੀ ਕਰਨ ਵਾਲੇ ਮਹੀਨੇਂ ਦੀ ਪਹਿਲੀ ਮਿਤੀ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

vi. ਉਮਰ ਸਬੰਧੀ ਕੋਈ ਅਸਪਸ਼ਟਤਾ ਹੋਣ ਤੇ ਜਨਮ ਸਰਟੀਫਿਕੇਟ ਤੇ ਦਰਜ ਮਿਤੀ ਮੰਨਣਯੋਗ ਹੋਵੇਗੀ ਅਤੇ ਅਜਿਹਾ ਨਾ ਹੋਣ ਤੇ ਦਸਵੀਂ ਜਮਾਤ ਦਾ ਸਰਟੀਫਿਕੇਟ ਮੰਨਣਯੋਗ ਹੋਵੇਗਾ।

vii. ਉਮਰ ਸਬੰਧੀ ਸ਼ਰਤਾਂ (ਕੇਵਲ ਪੱਦਉਨਤੀਆਂ/ਬਦਲੀਆਂ/ਅਡਸਟਮੈਂਟ ਨੂੰ ਛੱਡ ਕੇ) ਬਾਕੀ ਸਾਰੀਆਂ ਕਿਸਮ ਦੀਆਂ ਨਿਯੁਕਤੀਆਂ ਤੇ ਲਾਗੂ ਹੋਣਗੀਆਂ।

**3. ਰਿਹਾਇਸ਼ ਸਬੰਧੀ ਸ਼ਰਤਾਂ**

i. ਬਿਨੈਕਾਰ, ਪੇਂਡੂ ਇਲਾਕਿਆਂ ਲਈ ਸੰਬੰਧਤ ਗ੍ਰਾਮ ਪੰਚਾਇਤ/ਗ੍ਰਾਮ ਸਭਾ ਦੇ ਖੇਤਰ ਦੀ, ਵਸਨੀਕ ਹੋਣੀ ਚਾਹੀਦੀ ਹੈ

ii. ਅਤੇ ਮਿਤੀ 1/1/2018 ਤੋ ਬਆਦ ਵਿਭਾਜਿਤ ਗ੍ਰਾਮ ਪੰਚਾਇਤਾਂ ਦੇ ਕੇਸ ਵਿੱਚ ਸੰਬੰਧਤ ਵਿਭਾਜਿਤ ਗ੍ਰਾਮ ਪੰਚਾਇਤਾਂ ਦੇ ਸਮੁੱਚੇ ਖੇਤਰ ਦੀ, ਵਸਨੀਕ ਹੋਣੀ ਚਾਹੀਦੀ ਹੈ

iii. ਸ਼ਹਿਰੀ ਖੇਤਰਾਂ (ਨਗਰ ਨਿਗਮ ਅਤੇ ਨਗਰ ਕੌਂਸਲ (A Class) ਲਈ ਸਬੰਧਤ ਵਾਰਡ ਜਾਂ ਨਾਲ ਲੱਗਦੇ ਵਾਰਡ (With Contiguous Boundaries)(ਇਸ਼ਤਿਹਾਰ ਜਾਰੀ ਕਰਨ ਸਮੇਂ ਉਸ ਸਮੇਂ ਦੀ ਜਾਰੀ ਵਾਰਡਬੰਦੀ ਅਨੁਸਾਰ) ਦੀ, ਵਸਨੀਕ ਹੋਣੀ ਚਾਹੀਦੀ ਹੈ।

iv. ਸੰਬਧਤ ਸ਼ਹਿਰ (ਨਗਰ ਕੌਂਸਲ (B ਅਤੇ C Class ਅਤੇ ਨਗਰ ਪੰਚਾਇਤ)) ਦੀ, ਵਸਨੀਕ ਹੋਣੀ ਚਾਹੀਦੀ ਹੈ।

v. ਰਿਹਾਇਸ਼ ਸਬੰਧੀ ਸ਼ਰਤਾਂ (ਕੇਵਲ ਪੱਦਉਨਤੀਆਂ/ਵਿਆਹ ਉਪਰੰਤ ਬਦਲੀਆਂ/ਅਡਸਟਮੈਂਟ ਨੂੰ ਛੱਡ ਕੇ) ਬਾਕੀ ਸਾਰੀਆਂ ਕਿਸਮ ਦੀਆਂ ਨਿਯੁਕਤੀਆਂ ਤੇ ਲਾਗੂ ਹੋਣਗੀਆਂ।

**4. ਰਿਹਾਇਸ਼ ਅਤੇ ਜਾਤੀ ਨਾਲ ਸਬੰਧਤ ਲੋੜੀਂਦੇ ਦਸਤਾਵੇਜ**

i. ਪੰਜਾਬ ਸਰਕਾਰ ਵੱਲੋ ਜਾਰੀ ਕੀਤਾ ਰਿਹਾਇਸ਼ ਸਬੰਧੀ ਸਰਟੀਫਿਕੇਟ (Domicile Certificate); ਜਾਂ

ii. ਵੋਟਰ ਸ਼ਨਾਖਤੀ ਕਾਰਡ ਅਤੇ ਤਾਜਾ ਵੋਟਰ ਸੂਚੀ (ਚੋਣਕਾਰ ਰਜਿਸਟ੍ਰੇਸ਼ਨ ਅਫਸਰ ਵੱਲੋ ਜਾਰੀ) ਵਿੱਚ ਇੰਦਰਾਜ ਹੋਵੇ; ਜਾਂ

iii. ਅਧਾਰ ਕਾਰਡ (ਘੱਟ ਤੋ ਘੱਟ 6 ਮਹੀਨੇ ਪੁਰਾਣਾ ਬਣਿਆ ਹੋਣਾ ਚਾਹੀਦਾ ਹੈ)

iv. ਅਤੇ ਰਾਖਵਾਂਕਰਨ ਦਾ ਲਾਭ ਲੈਣ ਲਈ ਪੰਜਾਬ ਸਰਕਾਰ ਵੱਲੋਂ ਅਧਿਕਾਰਤ ਅਥਾਰਿਟੀ ਵੱਲੋਂ ਜਾਰੀ ਕੀਤਾ ਗਿਆ ਜਾਤੀ ਸਬੰਧੀ ਸਰਟੀਫਿਕੇਟ;

v. ਵਿਆਹ ਉਪਰੰਤ ਅਪਲਾਈ ਕਰਨ ਵਾਲੀਆਂ ਲੜਕੀਆਂ ਲਈ ਪਤੀ ਦਾ ਉਪਰੋਕਤ ਲੜੀ ਨੰ i. ਤੋ iii. ਦੇ ਸਾਰੇ ਦਸਤਾਵੇਜ ਵਿੱਚੋ ਕੋਈ 2 ਦਸਤਾਵੇਜ ਅਤੇ ਸਰਕਾਰ ਵੱਲੋ ਜਾਰੀ ਵਿਆਹ ਦੀ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ (ਕੇਵਲ ਵਿਆਹ ਉਪਰੰਤ ਅਪਲਾਈ ਕਰਨ ਵਾਲੀਆਂ ਲੜਕੀਆਂ ਲਈ)

Deputy Director
Department of Social Security and Women &
Child Development, Punjab, Chandigarh

vi. ਜੇਕਰ ਕਿਸੇ ਬਿਨੈਕਾਰ ਵੱਲੋ ਉਪਰੋਕਤ ਰਿਹਾਇਸ਼ ਦੇ ਦਸਤਾਵੇਜ ਉਪਲਬਧ ਨਾ ਹੋਣ ਕਾਰਨ ਉਪਰੋਕਤ ਤੋ ਇਲਾਵਾ ਰਿਹਾਇਸ਼ ਸਬੰਧੀ ਕੋਈ ਹੋਰ ਦਸਤਾਵੇਜ ਅਰਜੀ ਫਾਰਮ ਦੇ ਨਾਲ ਨੱਥੀ ਕੀਤੇ ਜਾਂਦੇ ਹਨ ਤਾਂ ਸਬੰਧਤ ਬਿਨੈਕਾਰ ਵੱਲੋ ਲੜੀ ਨੰ i ਅਤੇ ii ਤੇ ਦਰਜ ਦਸਤਾਵੇਜ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵਿਖੇ ਜਮ੍ਹਾਂ ਕਰਵਾਉਣ ਲਈ ਅਰਜੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ ਤੋ ਪਹਿਲਾਂ ਇਹਨਾਂ ਦਸਤਾਵੇਜਾਂ ਨੂੰ ਪ੍ਰਾਪਤ ਕਰਨ ਲਈ ਸਮਰੱਥ ਅਥਾਰਿਟੀ ਨੂੰ ਅਪਲਾਈ ਕਰਨਾ ਲਾਜ਼ਮੀ ਹੋਵੇਗਾ ਅਤੇ ਇਸ ਦੀ ਰਸੀਦ ਸਬੰਧਤ ਦਫਤਰ ਵਿਖੇ ਅਰਜੀ ਦੇ ਨਾਲ ਜਮ੍ਹਾ ਕਰਵਾਉਣੀ ਜਰੂਰੀ ਹੋਵੇਗੀ।

vii. ਬਿਨੈਕਾਰ ਵੱਲੋ ਸਬੰਧਤ ਅਸਾਮੀ ਦੀ ਕਾਂਊਸਲਿੰਗ ਦੀ ਮਿਤੀ ਤੋ ਪਹਿਲਾਂ ਜਾਂ ਉਸ ਮਿਤੀ ਨੂੰ ਰਿਹਾਇਸ਼ ਦੇ ਸਬੰਧੀ ਸਬੂਤ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਦਿੱਤੇ ਜਾਂਦੇ ਹਨ ਤਾਂ ਹੀ ਬਿਨੈਕਾਰ ਦੀ ਅਰਜੀ ਨੂੰ ਮੈਰਿਟ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਸਬੰਧੀ ਬਿਨੈਕਾਰ ਨਾਲ ਕਿਸੇ ਕਿਸਮ ਦਾ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ ਅਤੇ ਸੂਚਨਾਂ ਨਾ ਦੇਣ ਦੀ ਸੂਰਤ ਵਿੱਚ ਅਰਜੀ/ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

**ਭਾਗ-III**

**ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਅਸਾਮੀਆਂ ਲਈ ਰਾਖਵਾਂਕਰਨ**

i. ਵਿਭਾਗ ਵਿਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਖਾਲੀ ਅਸਾਮੀਆਂ ਵਿੱਚ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਨੂੰ 25 ਪ੍ਰਤੀਸ਼ਤ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਮਹਿਲਾਵਾਂ ਨੂੰ 12 ਪ੍ਰਤੀਸ਼ਤ ਰਾਖਵਾਂਕਰਨ ਦਿੱਤਾ ਜਾਵੇਗਾ।

ii. ਰਾਖਵੇਂਕਰਨ ਸਬੰਧੀ ਸਬੰਧਤ ਜਿਲੇ ਨੂੰ ਅਧਾਰ ਮੰਨਿਆ ਜਾਵੇਗਾ। ਰਾਖਵੇਂਕਰਨ ਦਾ ਲਾਭ ਕੇਵਲ ਪੰਜਾਬ ਰਾਜ ਦੀਆਂ ਵਸਨੀਕਾਂ ਲਈ ਹੀ ਹੋਵੇਗਾ ਅਤੇ ਰਾਖਵਾਂਕਰਨ ਦਾ ਲਾਭ ਲੈਣ ਲਈ ਪੰਜਾਬ ਸਰਕਾਰ ਵੱਲੋਂ ਅਧਿਕਾਰਿਤ ਅਥਾਰਟੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਸਬੂਤ ਵਜੋਂ ਅਰਜੀ ਨਾਲ ਜਮ੍ਹਾ ਕਰਵਾਉਣਾ ਲਾਜ਼ਮੀ ਹੋਵੇਗਾ।

iii. ਸਬੰਧਤ ਜਿਲ੍ਹੇ ਵਿਚ ਨਿਯੁਕਤ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ ਵਿੱਚੋਂ ਜੇਕਰ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ 25 ਪ੍ਰਤੀਸ਼ਤ ਤੋਂ ਘੱਟ ਹੈ ਤਾਂ ਨਿਯਮਾਂ ਅਨੁਸਾਰ ਖਾਲੀ ਅਸਾਮੀਆਂ ਨੂੰ ਪੁਰ ਕਰਨ ਲਈ ਰਾਖਵਾਂਕਰਨ ਕੀਤਾ ਜਾਵੇਗਾ। ਉਦਾਹਰਨ ਦੇ ਤੌਰ ਤੇ ਜੇਕਰ ਇਕ ਜਿਲ੍ਹੇ ਵਿੱਚ ਮੰਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 100 ਹੈ ਅਤੇ ਉਨ੍ਹਾਂ ਵਿੱਚੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਆਂਗਣਵਾੜੀ ਵਰਕਰਾਂ ਦੀ ਗਿਣਤੀ 22 ਹੈ ਤਾਂ ਅਨਸੂਚਿਤ ਜਾਤੀ ਦੀ ਪ੍ਰਤੀਨਿਧਤਾ ਨੂੰ ਪੂਰੀ ਕਰਨ ਲਈ ਪ੍ਰਕਾਸ਼ਿਤ ਹੋਣ ਵਾਲੀਆਂ ਅਸਾਮੀਆਂ ਵਿੱਚ 3 ਅਸਾਮੀਆਂ ਅਨਸੂਚਿਤ ਜਾਤੀ ਲਈ ਰਾਖਵੀਆਂ ਰੱਖੀਆਂ ਜਾਣਗੀਆਂ। ਇਸ ਤਰਜ਼ ਦੇ ਆਧਾਰ ਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਮਹਿਲਾਵਾਂ ਲਈ ਵੀ ਰਾਖਵਾਂਕਰਨ ਕੀਤਾ ਜਾਵੇਗਾ।

iv. ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਅਸਾਮੀਆਂ ਵਿੱਚੋਂ ਜਿਹੜੀਆਂ ਅਸਾਮੀਆਂ ਦਾ ਰਾਖਵਾਂਕਰਨ ਕੀਤਾ ਜਾਣਾ ਹੈ, ਦੇ ਸਬੰਧੀ ਪਿੰਡ ਦੀ ਆਬਾਦੀ ਨੂੰ ਆਧਾਰ ਮੰਨਿਆ ਜਾਵੇਗਾ, ਅਤੇ ਸਭ ਤੋਂ ਵੱਧ ਅਨੁਸੂਚਿਤ ਜਾਤੀ ਦੀ ਅਬਾਦੀ ਵਾਲੇ ਪਿੰਡਾਂ ਵਿਚ ਰਾਖਵਾਂਕਰਨ ਕੀਤਾ ਜਾਵੇਗਾ। ਇਸੇ ਤਰਜ ਤੇ ਪਿਛੜੀ ਸ੍ਰੇਣੀਆਂ ਦਾ ਰਾਖਵਾਂਕਰਨ ਲਾਗੂ ਕੀਤਾ ਜਾਵੇਗਾ।

v. ਇਸ਼ਤਿਹਾਰ ਦੇਣ ਉਪਰੰਤ ਆਗਣਵਾੜੀ ਵਰਕਰ ਅਤੇ ਆਗਣਵਾੜੀ ਹੈਲਪਰ ਦੀ ਰਾਖਵੀ ਕੀਤੀ ਅਸਾਮੀ ਦੇ ਵਿਰੁੱਧ ਜੇਕਰ ਸਬੰਧਤ ਪਿੰਡ ਜਾਂ ਵਾਰਡ, ਜੋ ਕਿ ਅਨੁਸੂਚਿਤ ਜਾਤੀ ਜਾਂ ਪਛੜੇ ਵਰਗ ਜਾਂ ਕਿਸੇ ਹੋਰ ਵਰਗ ਲਈ ਲਈ ਰਾਖਵਾਂ ਰੱਖਿਆ ਗਿਆ ਹੈ, ਦੇ ਵਿੱਚੋਂ ਕੋਈ ਵੀ ਅਰਜ਼ੀ ਪ੍ਰਾਪਤ ਨਹੀਂ ਹੁੰਦੀ ਤਾਂ ਅਗਲੀ ਵਾਰ ਇਸ ਸੰਬੰਧੀ ਲਿਖਤੀ ਇੰਦਰਾਜ ਕਰਦੇ ਹੋਏ ਇਸ ਅਸਾਮੀ ਦਾ ਰਾਖਵਾਂਕਰਨ ਖਤਮ ਕਰਦੇ ਹੋਏ ਇਸ ਅਸਾਮੀ ਨੂੰ ਆਮ ਵਰਗ ਵਿੱਚੋ ਭਰਿਆ ਜਾਵੇਗਾ ਤਾਂ ਜੋ ਵਿਭਾਗ ਦੀਆਂ ਸਕੀਮਾਂ ਦਾ ਸਮੇਂ ਸਿਰ ਲਾਭ ਪਿੰਡ ਵਾਸੀਆਂ ਨੂੰ ਦੇਣਾ ਸੁਨਸ਼ਿਚਤ ਕੀਤਾ ਜਾ ਸਕੇ। ਇਸ ਅਸਾਮੀ ਦੇ ਬਦਲੇ ਕਿਸੇ ਹੋਰ ਅਸਾਮੀ ਨੂੰ ਪਿੰਡ ਦੀ ਅਬਾਦੀ ਦੇ ਅਧਾਰ ਤੇ ਰਾਖਵਾਂ ਕੀਤਾ

Deputy Director
Department of Social Security and Women & Child Development, Punjab, Chandigarh

ਜਾਵੇਗਾ। ਇਹ ਪ੍ਰਕਿਰਿਆ ਉਦੋ ਤੱਕ ਜਾਰੀ ਰਹੇਗੀ ਜਦ ਕਿ ਭਾਗ III (i) ਵਿੱਚ ਕੀਤੇ ਉਪਬੰਧਾਂ ਅਨੁਸਾਰ ਪ੍ਰਤੀਨਿਧਤਾ ਪੂਰੀ ਨਹੀਂ ਹੋ ਜਾਂਦੀ।

vi. ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਇਹ ਸੁਨਿਸ਼ਚਤ ਕੀਤਾ ਜਾਵੇਗਾ ਕਿ ਜੇਕਰ ਉਪਰੋਕਤ ਪ੍ਰਸਥਿਤੀ (ਨੁਕਤਾ ਨੰ v.) ਦੇ ਅਨੁਸਾਰ ਸਬੰਧਤ ਵਰਗ ਦੀ ਪ੍ਰਤੀਨਿਧਤਾ ਸਬੰਧਤ ਜਿਲ੍ਹੇ ਵਿੱਚ ਪੂਰੀ ਨਹੀ ਹੈ ਤਾਂ ਭਵਿੱਖ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਅਸਾਮੀਆਂ ਲਈ ਰਾਖਵਾਂਕਰਨ ਉਦੋ ਤੱਕ ਕੀਤਾ ਜਾਵੇਗਾ ਜਦ ਤੱਕ ਇਹਨਾਂ ਵਰਗਾਂ ਦੀ ਪ੍ਰਤੀਨਿਧਤਾ ਪੂਰੀ ਨਹੀ ਹੋ ਜਾਂਦੀ, ਭਾਵ ਕਿ ਖਤਮ ਕੀਤੀ ਰਾਖਵੀ ਅਸਾਮੀ ਦੇ ਵਿਰੁੱਧ ਕਿਸੇ ਹੋਰ ਪਿੰਡ ਵਿੱਚ ਅਸਾਮੀ ਦਾ ਰਾਖਵਾਂਕਰਨ ਸਬੰਧਤ ਵਰਗ ਲਈ ਕੀਤਾ ਜਾਵੇਗਾ।

vii. ਜੇਕਰ ਸਬੰਧਤ ਜਿਲ੍ਹੇ ਵਿਚ ਜੇਕਰ ਅਨੁਸੂਚਿਤ ਜਾਤੀਆਂ ਜਾਂ ਪਿਛੜੇ ਵਰਗ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ ਪੂਰੀ ਹੈ ਤਾਂ ਨਵੀਆਂ ਪ੍ਰਕਾਸ਼ਤ ਹੋਣ ਵਾਲੀਆਂ ਅਸਾਮੀਆਂ ਓਪਨ ਕੈਟਾਗਰੀ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

viii. ਆਂਗਨਵਾੜੀ ਹੈਲਪਰਾਂ ਤੋਂ ਪੱਦ-ਉਨਤ ਹੋਣ ਵਾਲੀਆਂ ਆਂਗਣਵਾੜੀ ਵਰਕਰਾਂ ਅਤੇ ਤਰਸ ਦੇ ਆਧਾਰ ਤੇ ਨਿਯੁਕਤ ਹੋਣ ਵਾਲੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਤੇ ਰਾਖਵੇਂਕਰਨ ਦੀਆਂ ਸ਼ਰਤਾਂ ਲਾਗੂ ਨਹੀਂ ਹੋਣਗੀਆਂ। ਪ੍ਰੰਤੂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਇਹ ਸੁਨਿਸ਼ਚਤ ਕੀਤਾ ਜਾਵੇਗਾ ਕਿ ਸਬੰਧਤ ਜਿਲ੍ਹੇ ਵਿਚ ਅਨੁਸੂਚਿਤ ਜਾਤੀਆਂ ਤੇ ਪਿਛੜੇ ਵਰਗ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ ਪੂਰੀ ਹੈ।

ix. ਸਬੰਧਤ ਜਿਲ੍ਹੇ ਵਿਚ ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ ਪੂਰੀ ਨਾ ਹੋਣ ਦੀ ਸੂਰਤ ਵਿਚ ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਅਸਾਮੀਆਂ ਵਿੱਚ ਪ੍ਰਤੀਨਿਧਤਾ ਨੂੰ ਪੂਰੀ ਕਰਨ ਲਈ ਉਦੋਂ ਤਕ ਰਾਖਵਾਂਕਰਨ ਕੀਤਾ ਜਾਵੇਗਾ ਜਦ ਤੱਕ ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ ਪੂਰੀ ਨਹੀਂ ਹੋ ਜਾਂਦੀ।

x. ਇਹ ਰਾਖਵਾਂਕਰਨ ਖ਼ਾਲੀ ਅਸਾਮੀਆਂ ਤੇ ਲਾਗੂ ਹੋਵੇਗਾ ਅਤੇ ਨਿਰੰਤਰ ਖਾਲੀ ਰਹਿਣ ਵਾਲੀਆਂ ਅਸਾਮੀਆਂ ਤੇ ਚਾਲੂ ਰਹੇਗਾ। ਇਸ ਪ੍ਰਕਿਰਿਆ ਵਿੱਚ ਖ਼ਾਲੀ ਅਸਾਮੀ ਵਾਲੇ ਆਂਗਣਵਾੜੀ ਸੈਂਟਰ ਲਈ ਕੋਈ ਵੀ ਪੱਕਾ ਰਾਖਵਾਂਕਰਨ/ਕੋਟਾ ਨਹੀਂ ਮੰਨਿਆ ਜਾਵੇਗਾ।

xi. ਇਸ਼ਤਿਹਾਰ ਦੇਣ ਤੋ ਪਹਿਲਾਂ ਅਸਾਮੀ ਦੇ ਰਾਖਵੇਂਕਰਨ ਹਿੱਤ ਅਬਾਦੀ ਦੀ ਸੂਚਨਾਂ ਅਨੁਲੱਗ-1 ਵਿੱਚ ਸਬੰਧਤ ਜਿਲਾ ਪ੍ਰੋਗਰਾਮ ਅਫਸਰ ਵੱਲੋ ਇੱਕਤਰ ਕੀਤੀ ਜਾਵੇਗੀ ਅਤੇ ਇਸ ਅਧਾਰ ਤੇ ਵੱਧ ਅਬਾਦੀ ਵਾਲੇ ਪਿੰਡਾਂ ਦੀਆਂ ਜਿਹੜੀਆਂ ਅਸਾਮੀਆਂ ਦਾ ਰਾਖਵਾਂਕਰਨ ਕੀਤਾ ਜਾਣਾ ਹੈ, ਦੀ ਸੂਚਨਾਂ ਰੋਸਟਰ
ਰਜਿਸਟਰ ਵਿੱਚ ਅਨੁਲੱਗ-2 ਅਨੁਸਾਰ ਤਿਆਰ ਕੀਤੀ ਜਾਵੇਗੀ।

xii. ਰਾਖਵਾਂਕਰਨ ਦਾ ਰੋਸਟਰ ਪਹਿਲਾਂ ਐਸ.ਸੀ. ਕੈਟਾਗਿਰੀ ਦੀਆਂ ਅਸਾਮੀਆਂ ਦਾ ਤਿਆਰ ਕੀਤਾ ਜਾਵੇਗਾ ਅਤੇ ਬਆਦ ਵਿੱਚ ਪਿਛੜੀ ਸ਼੍ਰੇਣੀ ਦੀ ਕੈਟਾਗਿਰੀ ਦਾ ਰੋਸਟਰ ਨਿਰਧਾਰਤ ਕੀਤਾ ਜਾਵੇਗਾ।

xiii. ਜੇਕਰ ਕਿਸੇ ਵਰਗ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ ਪੂਰੀ ਨਹੀਂ ਹੈ ਤਾਂ ਰਾਖਵਾਂਕਰਨ ਲਾਗੂ ਕੀਤਾ ਜਾਵੇਗਾ। ਅਜਿਹੇ ਹਲਾਤਾਂ ਵਿੱਚ ਇੱਕ ਪਿੰਡ ਦੀਆਂ ਸਾਰੀਆਂ ਅਸਾਮੀਆਂ ਨੂੰ ਅਬਾਦੀ ਦੇ ਅਧਾਰ ਤੇ ਰਾਖਵਾਂ ਨਹੀਂ ਕੀਤਾ ਜਾਵੇਗਾ। ਜੇਕਰ ਇੱਕ ਪਿੰਡ ਜਾਂ ਵਾਰਡ ਵਿੱਚ 2 ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਜਾਣੀਆਂ ਹਨ ਤਾਂ 1 ਅਸਾਮੀ ਜਨਰਲ ਅਤੇ 1 ਐਸ.ਸੀ. ਕੈਟਾਗਿਰੀ ਦੀ ਹੋਵੇਗੀ। ਇਸੇ ਤਰਾਂ ਜੇਕਰ ਇੱਕ ਪਿੰਡ ਜਾਂ ਵਾਰਡ ਵਿੱਚ 3 ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਜਾਣੀਆਂ ਹਨ ਤਾਂ 1 ਅਸਾਮੀ ਜਨਰਲ, 1 ਐਸ.ਸੀ. ਕੈਟਾਗਿਰੀ ਅਤੇ 1 ਪਿਛੜੀ ਸ਼੍ਰੇਣੀ ਦੀ ਹੋਵੇਗੀ। ਜੇਕਰ ਇੱਕ ਪਿੰਡ ਦੀਆਂ 3 ਤੋ ਵੱਧ ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਅਤੇ ਕਿਸੇ ਵਰਗ ਦੀਆਂ ਮਹਿਲਾਵਾਂ ਦੀ ਪ੍ਰਤੀਨਿਧਤਾ ਪੂਰੀ ਨਹੀਂ ਹੈ ਤਾਂ ਇਸੇ ਪੈਟਰਨ ਤੇ ਰਾਖਵਾਂਕਰਨ ਲਾਗੂ ਕੀਤਾ ਜਾਵੇਗਾ।

xiv. ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਰੋਸਟਰ ਰਜਿਸਟਰ ਤਿਆਰ ਕਰਨ ਸਮੇਂ ਇਹ ਸੁਨਿਸ਼ਚਤ ਕੀਤਾ ਜਾਵੇਗਾ ਕਿ ਕਿਸੇ ਇੱਕ ਪਿੰਡ ਵਿੱਚ ਜੇਕਰ ਕਿਸੇ ਕੈਟਾਗਿਰੀ ਵਿੱਚ ਇੱਕ ਤੋ ਜਿਆਦਾ ਅਸਾਮੀਆਂ ਹਨ ਤਾਂ ਉਹਨਾਂ ਵਿੱਚ

Deputy Director
Department of Social Security and Women &
Child Development, Punjab, Chandigarh

ਰਾਖਵਾਂਕਰਨ ਉਪਰੋਕਤ ਨੁਕਤੇ (xiii) ਅਨੁਸਾਰ ਕੀਤਾ ਜਾਵੇਗਾ ਅਤੇ ਤਿਆਰ ਕੀਤੀ ਸੂਚਨਾਂ ਨੂੰ ਰੋਸਟਰ ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ।

xv. ਰਾਖਵਾਕਰਨ ਕੀਤੀ ਅਸਾਮੀ ਦੇ ਵਿਰੁੱਧ ਭਰਤੀ ਹੋਈ ਆਂਗਣਵਾੜੀ ਵਰਕਰ ਅਤੇ ਹੈਲਪਰ ਨੂੰ ਸੇਵਾ ਨਿਯਮਾਂ ਤਹਿਤ ਕਿਸੇ ਵੀ ਅਸਾਮੀ ਦੇ ਵਿਰੁੱਧ, ਜੇਕਰ ਉਹ ਬਦਲੀ ਜਾਂ ਪੱਦਉਨਤੀ ਲਈ ਲੋੜੀਦੀਂ ਯੋਗਤਾ ਪੂਰੀ ਕਰਦੀ ਹੈ, ਤਾਂ ਤਬਦੀਲ ਜਾਂ ਪੱਦਉਨਤ ਕੀਤਾ ਜਾ ਸਕਦਾ ਹੈ।

xvi. ਅਨਸੂਚਿਤ ਜਾਤੀ ਅਤੇ ਪਿਛੜੀ ਸ਼੍ਰੇਣੀ ਨਾਲ ਸਬੰਧਤ ਬਿਨੈਕਾਰ ਕਿਸੇ ਵੀ ਅਣਰਾਖਵੀਂ ਖਾਲੀ ਅਸਾਮੀ ਲਈ ਵੀ ਆਪਣਾ ਬਿਨੈ-ਪੱਤਰ ਦੇ ਸਕਦੀ ਹਨ, ਬਸ਼ਰਤੇ ਉਹ ਸਬੰਧਤ ਅਸਾਮੀ ਲਈ ਨਿਰਧਾਰਤ ਯੋਗਤਾ ਅਤੇ ਰਿਹਾਇਸ਼ ਸਬੰਧੀ ਸ਼ਰਤਾ ਪੂਰੀਆਂ ਕਰਦੀ ਹੋਵੇ। ਅਨਸੂਚਿਤ ਜਾਤੀ ਅਤੇ ਪਿਛੜੀ ਸ਼੍ਰੇਣੀ ਦੇ ਬਿਨੈਕਾਰ ਨੂੰ ਅਣਰਾਖਵੀਂ ਅਸਾਮੀ ਲਈ ਕੇਵਲ ਉਮਰ ਵਿੱਚ ਛੋਟ ਮਿਲਣਯੋਗ ਹੋਵੇਗੀ ਅਤੇ ਇਸ ਤੋ ਇਲਾਵਾ ਹੋਰ ਕੋਈ ਛੋਟ ਨਹੀਂ ਮਿਲਣਯੋਗ ਹੋਵੇਗੀ।

**ਭਾਗ-IV**

**ਚੋਣ ਪ੍ਰਕਿਰਿਆ, ਹਾਜਰੀ ਰਿਪੋਰਟ ਅਤੇ ਉਡੀਕ ਸੂਚੀ ਰੱਖਣ ਸਬੰਧੀ ਹਦਾਇਤਾਂ**

i. **ਬਿਨੈਪੱਤਰਾਂ ਦੀ ਮੰਗ** ਸੰਬਧੀ ਵਿਭਾਗ ਵੱਲੋ ਹਰੇਕ ਸਾਲ ਅਪ੍ਰੈਲ ਅਤੇ ਅਕਤੂਬਰ ਮਹੀਨੇਂ ਵਿੱਚ ਮੌਜੂਦ ਖਾਲੀ ਅਸਾਮੀਆਂ ਦੀ ਸੂਚਨਾ ਵਿਭਾਗ/ਸਬੰਧਤ ਜਿਲੇ ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕਰਕੇ ਕੀਤੀ ਜਾਵੇਗੀ ਅਤੇ ਅਤੇ ਅਰਜੀਆਂ ਪ੍ਰਾਪਤ ਕਰਨ ਦਾ ਸਮਾਂ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਤੋ ਘੱਟੋ-ਘੱਟ 30 ਦਿਨਾਂ ਦਾ ਹੋਵੇਗਾ।

ii. **ਬਿਨੈ-ਪੱਤਰ ਲੈਣ ਦੀ ਵਿਧੀ:** ਆਂਗਣਵਾੜੀ ਵਰਕਰ/ਹੈਲਪਰ ਦੀ ਭਰਤੀ ਲਈ ਬਿਨੈ-ਪੱਤਰ ਆਨਲਾਈਨ/ਆਫਲਾਈਨ ਪ੍ਰਾਪਤ ਕੀਤੇ ਜਾਣਗੇ। ਆਨਲਾਈਨ ਬਿਨੈ-ਪੱਤਰ ਵਿਭਾਗ ਵੱਲੋ ਬਣਾਏ Portal ਤੇ ਅਤੇ ਆਫਲਾਈਨ ਬਿਨੈ-ਪੱਤਰ (ਅਨੁਲੱਗ-3) ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵਿੱਚ ਪ੍ਰਾਪਤ ਕੀਤੇ ਜਾਣਗੇ। ਬਿਨੈ-ਪੱਤਰਾਂ ਵਿੱਚ ਦਿੱਤੀ ਗਈ ਜਾਣਕਾਰੀ ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵੱਲੋਂ ਚੈੱਕ ਕੀਤੀ ਜਾਵੇਗੀ ਅਤੇ ਤਿਆਰ ਕੀਤੀ ਮੈਰਿਟ-ਲਿਸਟ ਦੇ ਆਧਾਰ ਤੇ ਬਿਨੇਕਾਰਾਂ ਨੂੰ ਕਾਂਊਸਲਿੰਗ ਲਈ ਬੁਲਾਇਆ ਜਾਵੇਗਾ।

iii. ਜਦ ਤੱਕ ਵਿਭਾਗ ਦਾ ਪੋਰਟਲ ਸ਼ੁਰੂ ਨਹੀ ਹੁੰਦਾ ਉੱਦੋ ਤੱਕ ਅਰਜੀਆਂ ਰਜਿ ਡਾਕ/ਸਪੀਡ ਪੋਸਟ ਰਾਂਹੀ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵੱਲੋ ਇਸ ਸਬੰਧੀ ਡਾਇਰੀ ਰਜਿਸਟਰ ਵਿੱਚ ਇੰਦਰਾਜ ਕੀਤਾ ਜਾਵੇਗਾ ਅਤੇ ਇਸ ਦਾ ਰਿਕਾਰਡ ਸੰਭਾਲ ਕੇ ਰੱਖਿਆ ਜਾਵੇਗਾ, ਅਤੇ ਪੋਰਟਲ ਸ਼ੁਰੂ ਹੋਣ ਉਪਰੰਤ ਇਨ੍ਹਾਂ ਅਰਜ਼ੀਆਂ ਦਾ ਇੰਦਰਾਜ ਪੋਰਟਲ ਵਿੱਚ ਕੀਤਾ ਜਾਵੇਗਾ।

iv. **ਡਾਟਾ-ਐਂਟਰੀ:** ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਹਰੇਕ ਬਿਨੇਕਾਰ ਵੱਲੋ ਦਿਤੀ ਸੂਚਨਾਂ ਦੇ ਅਧਾਰ ਤੇ ਯੋਗਤਾ/ਤਜਰਬਾ/ਰਿਹਾਇਸ਼/ਅਤੇ ਹੋਰ ਲੋੜੀਦੀ ਜਾਣਕਾਰੀ ਚੈਕ ਕਰਨ ਉਪਰੰਤ ਪ੍ਰਾਪਤ ਕੀਤੇ ਅੰਕਾਂ ਦੀ ਡਾਟਾ-ਐਂਟਰੀ/ਵੈਰੀਫਿਕੇਸ਼ਨ ਵਿਭਾਗ ਵੱਲੋਂ ਬਣਾਏ ਜਾਣ ਵਾਲੇ Portal ਉੱਪਰ (online)/ ਨਿਰਧਾਰਤ ਪ੍ਰੋਫਾਰਮੇ ਵਿੱਚ (offline) ਕੀਤੀ ਜਾਵੇਗੀ।

v. ਮੈਰਿਟ ਸੂਚੀ ਤਿਆਰ ਕਰਨ ਲਈ, ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ, ਸਬੰਧਤ ਦਫਤਰ ਦਾ ਸੀਨੀਅਰ ਸਹਾਇਕ/ਕਲਰਕ ਅਤੇ ਸੁਪਰਵਾਈਜਰ (ਸੀਨੀਅਰਤਾ ਅਨੁਸਾਰ) ਅਤੇ ਇੱਕ ਮੈਂਬਰ ਜੋ ਕਿ ਜਿਲ੍ਹਾ ਪ੍ਰੋਗਰਾਮ ਅਫਸਰ ਵੱਲੋ ਮਨੋਨੀਤ ਹੋਵੇ, ਦੀ ਕਮੇਟੀ ਹੋਵੇਗੀ। ਇਸ ਕਮੇਟੀ ਵੱਲੋ ਕੀਤੀ ਗਈ ਕਾਰਵਾਈ ਅਤੇ ਭਰਤੀ ਸੰਬੰਧੀ ਕੀਤੇ ਹਰੇਕ ਫੈਸਲੇ ਦਾ ਲਿਖਤੀ ਰੂਪ ਵਿੱਚ ਇੰਦਰਾਜ ਸੰਬੰਧਤ ਬਾਲ ਵਿਕਾਸ ਪ੍ਰਾਜੈਕਟ ਅਫਸਰ ਵੱਲੋਂ ਕੀਤਾ ਜਾਵੇਗਾ।

Deputy Director
Department of Social Security and Women & Child Development, Punjab, Chandigarh

vi. ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਵੱਲੋਂ ਪ੍ਰਾਪਤ ਅਰਜੀ ਪੱਤਰਾਂ ਦੀ ਆਰਜੀ (Provisional) ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ ਅਤੇ ਮੈਰਿਟ ਤਿਆਰ ਕਰਨ ਉਪਰੰਤ ਉਮੀਦਵਾਰਾਂ ਦੀ ਮੈਰਿਟ ਸੂਚੀ ਚੈੱਕ ਕਰਨ ਉਪਰੰਤ ਸਬੰਧਤ ਜਿਲ੍ਹੇ ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

vii. ਹਰੇਕ ਪਿੰਡ ਵਿੱਚ ਅਸਾਮੀਆਂ ਦੀ ਮੈਰਿਟ ਕੈਟਾਗਿਰੀ ਵਾਈਜ਼ ਤਿਆਰ ਕੀਤੀ ਜਾਵੇਗੀ। ਇੱਕ ਪਿੰਡ ਵਿੱਚ ਇੱਕ ਕੈਟਾਗਿਰੀ ਦੀਆਂ ਇੱਕ ਤੋ ਵੱਧ ਅਸਾਮੀਆਂ ਲਈ ਇੱਕੋ (ਸਾਂਝੀ) ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ। ਜੇਕਰ ਇਕ ਪਿੰਡ ਵਿਚ ਇਕ ਅਸਾਮੀ ਆਮ ਵਰਗ (ਜਨਰਲ) ਅਤੇ ਇਕ ਅਨੁਸੂਚਿਤ ਜਾਤੀ ਜਾਂ ਪਛੜੀ ਸ਼੍ਰੇਣੀ ਲਈ ਰਾਖਵੀਂ ਹੈ ਤਾਂ ਇਨ੍ਹਾਂ ਅਸਾਮੀਆਂ ਦੀ ਵੱਖ-ਵੱਖ ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ।

viii. ਕਮੇਟੀ ਵੱਲੋ ਮੈਰਿਟ ਸੂਚੀ ਤਿਆਰ ਕਰਨ ਉਪਰੰਤ ਇੱਕ ਅਸਾਮੀ ਲਈ ਵੱਧ ਤੋਂ ਵੱਧ 3 ਬਿਨੈਕਾਰਾਂ ਨੂੰ ਹੀ ਕਾਂਊਸਲਿੰਗ/ਦਸਤਾਵੇਜਾ ਦੀ ਪੜਤਾਲ ਲਈ ਬੁਲਾਇਆ ਜਾਵੇਗਾ।

ix. ਕਾਂਊਸਲਿੰਗ ਉਪਰੰਤ ਪ੍ਰੋਵੀਜਨਲ ਮੈਰਿਟ ਸੂਚੀ ਨੂੰ ਫਾਈਨਲ ਕਰਦੇ ਹੋਏ ਮੈਰਿਟ-ਲਿਸਟ ਵਿੱਚ ਪਹਿਲੇ ਸਥਾਨ ਵਾਲੇ ਉਮੀਦਵਾਰ ਨੂੰ ਨਿਯੁਕਤੀ ਪੱਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਜਾਰੀ ਕੀਤਾ ਜਾਵੇਗਾ, ਅਤੇ ਜੇਕਰ ਅਸਾਮੀਆਂ ਦੀ ਗਿਣਤੀ ਇਕ ਤੋਂ ਵਧੇਰੇ ਹੈ ਤਾਂ ਮੈਰਿਟ ਸੂਚੀ ਵਿੱਚ ਅਸਾਮੀਆਂ ਦੀ ਗਿਣਤੀ ਦੇ ਕ੍ਰਮ ਤੱਕ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਜਾਰੀ ਕੀਤੇ ਜਾਣਗੇ।

x. **ਹਾਜਰੀ ਰਿਪੋਰਟ, ਮੈਡੀਕਲ ਫਿਟਨੈਸ ਅਤੇ ਚਾਲ-ਚੱਲਣ ਸਰਟੀਫਿਕੇਟ:** ਚੋਣ ਕੀਤੇ ਬਿਨੈਕਾਰ ਵੱਲੋ ਆਪਣੀ ਹਾਜਰੀ ਰਿਪੋਰਟ ਪੇਸ਼ ਕਰਨ ਵੇਲੇ ਸੰਬੰਧਤ ਐੱਸ.ਐੱਮ.ਓ. ਤੋਂ ਪ੍ਰਾਪਤ ਮੈਡੀਕਲ ਫਿਟਨੈਸ ਪੇਸ਼ ਕੀਤਾ ਜਾਵੇਗਾ, ਜਿਸ ਅਨੁਸਾਰ ਐਸ.ਐਮ.ਓ. ਵੱਲੋ ਤਸਦੀਕ ਕੀਤਾ ਜਾਵੇਗਾ ਕਿ ਬਿਨੈਕਾਰ ਆਂਗਣਵਾੜੀ ਵਰਕਰ/ਹੈਲਪਰ ਦਾ ਕੰਮ ਕਰਨ ਦੇ ਸਮਰੱਥ ਹੈ। ਇਸ ਦੇ ਨਾਲ ਹੀ ਸਬੰਧਤ ਸੀ.ਡੀ.ਪੀ.ਓ. ਵੱਲੋ ਸਬੰਧਤ ਬਿਨੈਕਾਰ ਦਾ ਚਾਲ-ਚੱਲਣ ਸਰਟੀਫਿਕੇਟ ਵੀ ਵੈਰੀਫਾਈ ਕਰਵਾਇਆ ਜਾਵੇਗਾ। ਇਹਨਾਂ ਰਿਪੋਰਟਾਂ ਹਾਜਰੀ ਰਿਪੋਰਟ ਤੋ 1 ਮਹੀਨੇਂ ਦੇ ਅੰਦਰ-ਅੰਦਰ ਪ੍ਰਾਪਤ ਕਰਨੀਆਂ ਜਰੂਰੀ ਹਨ ਅਤੇ ਇਸ ਸਬੰਧੀ ਸਮੁੱਚੀ ਜਿਮੇਵਾਰੀ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੀ ਹੋਵੇਗੀ।

xi. **ਉਡੀਕ ਸੂਚੀ** ਸੀ.ਡੀ.ਪੀ.ਓ. ਵੱਲੋ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਦੀਆਂ ਅਸਾਮੀਆਂ ਲਈ ਉਡੀਕ ਸੂਚੀ ਤਿਆਰ ਕੀਤੀ ਜਾਵੇਗੀ। ਜਿਸ ਵਿੱਚ ਇੱਕ ਸ਼ਹਿਰ/ਗ੍ਰਾਮ ਪੰਚਾਇਤ ਦੇ ਖੇਤਰ ਲਈ ਪ੍ਰਕਾਸ਼ਿਤ ਇੱਕ ਅਸਾਮੀ ਲਈ ਵੱਧ ਤੋ ਵੱਧ 2 ਬਿਨੈਕਾਰਾਂ ਦੀ ਉਡੀਕ ਸੂਚੀ ਤਿਆਰ ਕੀਤੀ ਜਾਵੇਗੀ। ਇੱਕ ਸ਼ਹਿਰ/ਗ੍ਰਾਮ ਪੰਚਾਇਤ ਦੇ ਖੇਤਰ ਲਈ ਪ੍ਰਕਾਸ਼ਿਤ 2 ਅਸਾਮੀਆਂ ਦੇ ਵਿਰੁੱਧ 3 ਬਿਨੈਕਾਰਾਂ ਅਤੇ 3 ਤੋ ਵੱਧ ਅਸਾਮੀਆਂ ਲਈ 5 ਬਿਨੈਕਾਰਾਂ ਉਡੀਕ ਸੂਚੀ ਤਿਆਰ ਕੀਤੀ ਜਾਵੇਗੀ। ਉਡੀਕ ਸੂਚੀ ਦੀ ਮਿਆਦ ਜਾਰੀ ਹੋਣ ਤੋ 6 ਮਹੀਨੇਂ ਦੀ ਹੋਵੇਗੀ ਅਤੇ 6 ਮਹੀਨੇਂ ਬਆਦ ਉਡੀਕ ਸੂਚੀ ਖਤਮ ਹੋ ਜਾਵੇਗੀ।

xii. **ਹਾਜਰੀ ਰਿਪੋਰਟ** ਜੇਕਰ ਚੋਣ ਕੀਤੇ ਬਿਨੈਕਾਰ ਵੱਲੋ 15 ਦਿਨਾਂ ਦੇ ਅੰਦਰ ਹਾਜਰੀ ਰਿਪੋਰਟ ਪੇਸ਼ ਨਹੀ ਕੀਤੀ ਜਾਂਦੀ ਤਾਂ ਸਬੰਧਤ ਬਿਨੈਕਾਰ ਨੂੰ ਜਾਰੀ ਨਿਯੁਕਤੀ ਪੱਤਰ ਦੀ ਪੇਸ਼ਕਸ਼ ਰੱਦ ਸਮਝੀ ਜਾਵੇਗੀ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਇਸ ਉਪਰੰਤ ਉਡੀਕ ਸੂਚੀ ਦੇ ਅਗਲੇ ਬਿਨੈਕਾਰ ਨੂੰ ਨਿਯੁਕਤੀ ਪੱਤਰ ਜਾਰੀ ਕਰੇਗਾ।

xiii. ਮੈਰਿਟ ਵਿੱਚ ਪਹਿਲੇ 3 ਉਮੀਦਵਾਰਾਂ ਵੱਲੋਂ ਜੁਆਇਨਿੰਗ ਰਿਪੋਰਟ ਨਾ ਪੇਸ਼ ਕਰਨ ਦੀ ਸੂਰਤ ਵਿੱਚ ਭਰਤੀ ਦੀ ਪ੍ਰਕਿਰਿਆ ਦੁਬਾਰਾ ਤੋ ਸ਼ੁਰੂ ਕੀਤੀ ਜਾਵੇਗੀ।

**ਭਾਗ-V**

**ਆਂਗਨਵਾੜੀ ਹੈਲਪਰਾਂ ਦੀ ਪੱਦਉਨੱਤੀ ਅਤੇ ਮੌਤ ਜਾਂ ਤਰਸ ਦੇ ਅਧਾਰ ਤੇ ਨਿਯੁਕਤੀ ਸਬੰਧੀ ਹਦਾਇਤਾਂ**

i. ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਿਭਾਗ ਵਿੱਚ ਆਂਗਨਵਾੜੀ ਵਰਕਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੇ ਵਿਰੁੱਧ ਜੋ ਆਂਗਨਵਾੜੀ ਹੈਲਪਰਾਂ ਪਦਉਨੱਤੀ ਲਈ ਯੋਗ ਹਨ ਦੀ ਪੱਦਉਨੱਤੀ ਭਾਗ-। ਵਿੱਚ ਦਿੱਤੇ ਸ਼ਡਿਊਲ

Deputy Director
Department of Social Security and Women & Child Development, Punjab, Chandigarh

ਅਨੁਸਾਰ ਜਾਂ ਮੁੱਖ ਦਫਤਰ ਵੱਲੋ ਜਾਰੀ ਸ਼ਡਿਊਲ ਅਨੁਸਾਰ ਪੱਦਉਨੱਤੀ ਅਤੇ ਤਰਸ ਦੇ ਅਧਾਰ ਤੇ ਨਿਯੁਕਤੀ ਸਬੰਧੀ ਕਾਰਵਾਈ ਕਰੇਗਾ।

**ਪੱਦਉਨੱਤੀ ਸਬੰਧੀ ਸ਼ਰਤਾਂ**

i. ਆਂਗਨਵਾੜੀ ਵਰਕਰ ਦੀ ਅਸਾਮੀ ਖਾਲੀ ਹੋਣ ਸਮੇਂ ਆਂਗਣਵਾੜੀ ਹੈਲਪਰ ਸਬੰਧਤ ਪਿੰਡ/ਵਾਰਡ/ਸ਼ਹਿਰ (ਜਿਥੇ ਅਸਾਮੀ ਖਾਲੀ ਹੋਵੇ) ਦੇ ਕਿਸੇ ਵੀ ਆਂਗਣਵਾੜੀ ਸੈਂਟਰ ਵਿੱਚ ਕੰਮ ਕਰਦੀ ਹੋਣੀ ਚਾਹੀਦੀ ਹੈ ਅਤੇ ਭਾਗ-II (3) ਦੇ ਅਨੁਸਾਰ ਰਿਹਾਇਸ਼ ਦੀਆਂ ਸ਼ਰਤਾ ਪੂਰੀਆਂ ਕਰਦੀ ਹੋਣੀ ਚਾਹੀਦੀ ਹੈ।

ii. ਆਂਗਨਵਾੜੀ ਵਰਕਰ ਦੀ ਅਸਾਮੀ ਖਾਲੀ ਹੋਣ ਸਮੇਂ ਜੇਕਰ ਆਂਗਣਵਾੜੀ ਹੈਲਪਰ ਉਸ ਹੀ ਸੈਂਟਰ ਤੇ ਕੰਮ ਕਰਦੀ ਹੋਵੇ ਜਿਥੇ ਅਸਾਮੀ ਖਾਲੀ ਹੋਵੇ ਤਾਂ ਉਸ ਨੂੰ ਬਿਨ੍ਹਾ ਕਿਸੇ ਰਿਹਾਇਸ਼ ਦੀ ਸ਼ਰਤ ਦੇ ਪੱਦਉਨਤ ਕੀਤਾ ਜਾਵੇਗਾ ਬਸ਼ਰਤੇ ਕਿ ਆਂਗਣਵਾੜੀ ਹੈਲਪਰ ਉਸ ਸਮੇਂ ਘੱਟੋ-ਘੱਟ ਹੇਠ ਲਿਖੇ ਅਨੁਸਾਰ ਵਿੱਦਿਅਕ ਯੋਗਤਾ ਅਤੇ ਤਜ਼ਰਬੇ ਦੀਆਂ ਸ਼ਰਤਾ ਪੂਰੀਆਂ ਕਰਦੀ ਹੋਵੇ:

a) ਘੱਟੋ-ਘੱਟ ਗਰੈਜੂਏਸ਼ਨ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ; ਅਤੇ

b) ਦਸਵੀਂ ਪੱਧਰ ਦਾ ਜਾਂ ਇਸ ਦੇ ਬਰਾਬਰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋ ਆਯੋਜਿਤ ਕੀਤਾ ਜਾਂਦਾ ਪੰਜਾਬੀ ਵਿਸ਼ੇ ਦਾ ਇਮਤਿਹਾਨ ਪਾਸ ਕੀਤਾ ਹੋਵੇ।

c) ਸਾਲ 01.01.2021 ਤੋ ਪਹਿਲਾਂ ਤੋ ਨਿਯੁਕਤ ਹੈਲਪਰਾਂ ਲਈ ਵਿੱਦਿਅਕ ਯੋਗਤਾ 10+2 ਹੋਵਗੀ। ਪ੍ਰੰਤੂ, ਇੱਕ ਤੋਂ ਜਿਆਦਾ ਅਰਜੀਆਂ ਹੋਣ ਦੀ ਸੂਰਤ ਵਿੱਚ 30 ਪ੍ਰਤੀਸ਼ਤ Weightage ਤਜਰਬੇ ਅਤੇ 70 ਪ੍ਰਤੀਸ਼ਤ Weightage ਵਿੱਦਿਅਕ ਯੋਗਤਾ ਨੂੰ ਦਿੱਤੀ ਜਾਵੇਗੀ।

ਆਂਗਣਵਾੜੀ ਹੈਲਪਰ ਤੋ ਆਂਗਣਵਾੜੀ ਵਰਕਰ ਦੀ ਪਦਉਨਤੀ ਲਈ ਹੇਠ ਲਿਖੇ ਅਨੁਸਾਰ ਮੈਰਿਟ ਤਿਆਰ ਕੀਤੀ ਜਾਵੇਗੀ:

| ਲੜੀ ਨੰ (1) | ਵਿੱਦਿਅਕ ਯੋਗਤਾ (2) | Weightage (3) | ਵਿਸੇਸ਼ ਕਥਨ (4) |
|---|---|---|---|
| 1. | 10+2 | 30 | ਜੇਕਰ ਕਿਸੇ ਬਿਨੈਕਾਰ ਦੇ 60 ਪ੍ਰਤੀਸ਼ਤ ਨੰਬਰ ਹਨ ਤਾਂ 3 ਨੰਬਰ ਲੱਗਣਗੇ ਅਤੇ ਦਸ਼ਮਲਵ ਬਿੰਦੂ ਤੋਂ 2 ਅੰਕਾਂ ਤੱਕ ਰੱਖਿਆ ਜਾਵੇਗਾ ਅਤੇ Round off ਨਹੀਂ ਕੀਤਾ ਜਾਵੇਗਾ। |
| 2. | ਗ੍ਰੈਜੂਏਸ਼ਨ ਡਿਗਰੀ | 30 | (X/100)*(ਕਾਲਮ ਨੰ )3)) ਦੇ ਫਾਰਮੂਲਾ ਅਨੁਸਾਰ ਮੈਰਿਟ ਕੈਲਕੁਲੇਟ ਕੀਤੀ ਜਾਵੇਗੀ। (X ਦਾ ਅਰਥ ਉਮੀਦਵਾਰ ਵਲੋਂ ਯੋਗਤਾ ਵਿੱਚ ਪ੍ਰਾਪਤ ਕੁੱਲ ਅੰਕਾਂ ਦੀ ਪ੍ਰਤੀਸ਼ਤਤਾ) |
| 3. | B.Ed/ETT/D.El.Ed (ਮਾਨਤਾ ਪ੍ਰਾਪਤ ਜਾਂ ਇਸ ਦੇ ਬਰਾਬਰ ਦੀ ਯੋਗਤਾ) | 10 | |
| | ਕੁੱਲ ਜੋੜ (ਵਿਦਿਅਕ ਯੋਗਤਾ) | 70 | |
| | **ਤਜਰਬਾ** | | |
| 1. | 2 ਅੰਕ ਪ੍ਰਤੀ ਸਾਲ ਤਜਰਬਾ | 30 | ਪ੍ਰਤੀ ਸਾਲ 2 ਅੰਕ ਮਿਲਣਯੋਗ ਹੋਣਗੇ ਅਤੇ ਵੱਧ ਤੋ ਵੱਧ 15 ਸਾਲ ਦੇ ਤਜਰਬੇ ਦੇ ਅੰਕ ਮਿਲਣਯੋਗ ਹੋਣਗੇ। |
| | **ਕੁੱਲ ਜੋੜ** | 100 | |

iii. ਆਂਗਣਵਾੜੀ ਹੈਲਪਰ ਦੀ ਪੱਦਉਨਤੀ ਤੇ ਵਿਚਾਰ ਕਰਨ ਲਈ ਉਸ ਸਮੇਂ ਆਂਗਣਵਾੜੀ ਹੈਲਪਰ ਪਾਸ ਲੋੜੀਦੀ ਵਿੱਦਿਅਕ ਯੋਗਤਾ ਅਤੇ ਘੱਟੋ-ਘੱਟ 5 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

Deputy Director
Department of Social Security and Women &
Child Development, Punjab, Chandigarh

iv. ਜੇਕਰ ਪੱਦਉਨਤੀ ਲਈ ਇੱਕ ਤੋਂ ਵੱਧ ਆਂਗਣਵਾੜੀ ਹੈਲਪਰਾਂ ਯੋਗ ਹਨ ਅਤੇ ਮੈਰਿਟ ਸੂਚੀ ਵਿੱਚ ਅੰਕ ਬਰਾਬਰ ਹਨ, ਤਾਂ ਵਧੇਰੇ ਤਜਰਬੇ ਵਾਲੀ ਆਂਗਣਵਾੜੀ ਹੈਲਪਰ ਅਤੇ ਤਜਰਬਾ ਬਰਾਬਰ ਹੋਣ ਦੀ ਸੂਰਤ ਵਿੱਚ ਵੱਧ ਉਮਰ ਵਾਲੀ ਆਂਗਣਵਾੜੀ ਹੈਲਪਰ ਨੂੰ ਪੱਦਉਨਤੀ ਲਈ ਪ੍ਰਾਥਮਿਕਤਾ ਦਿੱਤੀ ਜਾਵੇਗੀ।

v. ਤਜ਼ਰਬਾ ਘੱਟੋ-ਘੱਟ ਯੋਗਤਾ ਪੂਰੀ ਕਰਨ ਦੀ ਮਿਤੀ ਤੋ ਬਆਦ ਦਾ ਹੀ ਮੰਨਣਯੋਗ ਹੋਵੇਗਾ।

vi. ਤਜਰਬੇ ਦੀ ਗਣਨਾ ਸਮੇਂ ਪੂਰੇ ਮਹੀਨੇਂ ਨੂੰ ਗਿਣਿਆ ਜਾਵੇਗਾ ਅਤੇ ਇੱਕ ਦਿਨ ਵੀ ਘੱਟ ਹੋਣ ਦੀ ਸੂਰਤ ਵਿੱਚ ਮਹੀਨੇਂ ਨੂੰ ਪੂਰਾ ਨਹੀਂ ਗਿਣਿਆ ਜਾਵੇਗਾ ਭਾਵ Round off ਨਹੀਂ ਕੀਤਾ ਜਾਵੇਗਾ।

**ਆਂਗਨਵਾੜੀ ਵਰਕਰਾਂ/ ਆਂਗਨਵਾੜੀ ਹੈਲਪਰਾਂ ਦੀ ਤਰਸ ਦੇ ਅਧਾਰ ਤੇ ਭਰਤੀ ਸਬੰਧੀ ਹਦਾਇਤਾਂ**

i. ਵਿਭਾਗ ਵਿੱਚ ਕੰਮ ਕਰ ਰਹੀਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀ ਡਿਊਟੀ ਦੌਰਾਨ ਮੌਤ ਹੋਣ ਜਾਂ ਕਿਸੇ ਕਾਰਨ Permanent ਡਿਸਏਬਿਲਟੀ ਹੋਣ ਤੇ ਜਾਂ ਜਾਨਲੇਵਾ ਬਿਮਾਰੀ ਹੋਣ ਤੇ ਉਹਨਾਂ ਦੇ ਇੱਕ ਵਾਰਸ ਨੂੰ ਆਂਗਣਵਾੜੀ ਵਰਕਰ ਜਾਂ ਹੈਲਪਰ ਦੀ ਨੌਕਰੀ ਮਿਲਣਯੋਗ ਹੋਵੇਗੀ। ਇਹ ਪੇਸ਼ਕਸ਼ ਇਸ ਮੰਤਵ ਲਈ ਬਣਾਏ ਜਾਣ ਵਾਲੇ ਮੈਡੀਕਲ ਬੋਰਡ ਦੀ ਸਲਾਹ ਉਪਰੰਤ ਹੀ ਕੀਤੀ ਜਾਵੇਗੀ।

ii. ਬਿਨੈਕਾਰ (ਧੀ ਜਾਂ ਨੂੰਹ) ਆਪਣੀ ਮਾਂ ਜਾਂ ਸੱਸ ਦੀ ਮੌਤ ਉਪਰੰਤ ਤਰਸ ਦੇ ਅਧਾਰ ਤੇ ਆਂਗਣਵਾੜੀ ਵਰਕਰ ਜਾਂ ਹੈਲਪਰ ਦੀ ਅਸਾਮੀ ਦੇ ਲਈ ਅਰਜੀ ਦੇ ਸਕਦੀ ਹੈ। ਧੀ ਦਾ ਕੇਸ ਆਸ਼ਰਿਤ ਦੇ ਤੋਰ ਤੇ ਕੇਵਲ ਤੇ ਕੇਵਲ ਅਣਵਿਆਹੀ ਧੀ ਜਾਂ ਤਲਾਕਸ਼ੁਦਾ ਜਾਂ ਵਿਧਵਾ ਧੀ ਦੇ ਕੇਸ ਵਿੱਚ ਹੀ ਵਿਚਾਰਣਯੋਗ ਹੋਵੇਗਾ। ਪਰਿਵਾਰਕ ਝਗੜੇ ਕਾਰਨ ਪੇਕੇ ਪਰਿਵਾਰ ਵਿੱਚ ਰਹਿ ਰਹੀ ਧੀ ਦਾ ਕੇਸ ਸਬੰਧਤ ਪਿੰਡ ਦੀ ਪੰਚਾਇਤ ਵੱਲੋ ਲਿਖਤੀ ਦੇਣ ਉਪਰੰਤ ਵਿਸੇਸ਼ ਕੇਸ ਦੇ ਤੋਰ ਤੇ ਵਿਚਾਰਿਆ ਜਾਵੇਗਾ ਬਸ਼ਰਤੇ ਆਸ਼ਰਿਤ ਬਿਨੈਕਾਰ ਬਾਕੀ ਦੀਆਂ ਸ਼ਰਤਾ (ਵਿੱਦਿਅਕ ਯੋਗਤਾ, ਰਿਹਾਇਸ਼, ਆਦਿ) ਪੂਰੀਆਂ ਕਰਦੀ ਹੋਵੇ।

iii. ਜਿਸ ਆਸ਼ਰਿਤ ਵੱਲੋ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਦੀ ਸੇਵਾ ਦਾ ਕੰਮ ਤਰਸ ਦੇ ਅਧਾਰ ਤੇ ਲੈਣ ਲਈ ਦਾਅਵਾ ਪੇਸ਼ ਕੀਤਾ ਜਾਵੇਗਾ ਉਹ ਆਸ਼ਰਿਤ ਸਬੰਧਤ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਦੀ ਮੌਤ ਦੇ ਸਮੇਂ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਦੀ ਅਸਾਮੀ ਲਈ ਯੋਗ ਹੋਣੀ ਚਾਹੀਦੀ ਹੈ ਅਤੇ ਉਸ ਮਿਤੀ ਨੂੰ ਭਾਗ-II ਅਨੁਸਾਰ ਘੱਟੋ-ਘੱਟ ਵਿੱਦਿਅਕ ਯੋਗਤਾ ਅਤੇ ਰਿਹਾਇਸ਼ ਸਬੰਧੀ ਸਾਰੀਆਂ ਯੋਗਤਾਵਾਂ ਪੂਰੀਆਂ ਕਰਦੀ ਹੋਈ ਚਾਹੀਦੀ ਹੈ।

iv. ਬਿਨੈਕਾਰ ਸਬੰਧਤ ਆਂਗਣਵਾੜੀ ਵਰਕਰ ਜਾਂ ਆਂਗਣਵਾੜੀ ਹੈਲਪਰ ਦੀ ਮੋਤ ਤੋਂ 2 ਮਹੀਨੇਂ ਦੇ ਅੰਦਰ ਆਪਣੀ ਅਰਜੀ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵਿਖੇ ਜਮ੍ਹਾਂ ਕਰਵਾਏਗੀ।

v. ਅਰਜੀ ਦੇਣ ਸਮੇਂ ਬਿਨੈਕਾਰ ਵੱਲੋ i)ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਦੀ ਮੌਤ ਦਾ ਸਰਟੀਫਿਕੇਟ ਜਿਸ ਦੇ ਆਸ਼ਰਿਤ ਵੱਲੋ ਦਾਅਵਾ ਪੇਸ਼ ਕੀਤਾ ਜਾਣਾ ਹੈ; ii) ਅਤੇ ਇੱਕ ਤੋ ਜਿਆਦਾ ਧੀਆਂ ਜਾਂ ਨੂੰਹਾਂ ਜਾਂ ਕੁਆਰੀ ਧੀ ਅਤੇ ਨੂੰਹ ਹੋਣ ਦੀ ਸੂਰਤ ਵਿੱਚ ਬਿਨੈਕਾਰ ਤੋ ਇਲਾਵਾ ਬਾਕੀ ਸਾਰੇ ਯੋਗ ਵਾਰਸਾਂ ਪਾਸੋ ਇਤਰਾਜਹੀਣਤਾ ਸਰਟੀਫਿਕੇਟ; ਅਤੇ ਹੋਰ ਦਸਤਾਵੇਜ਼ ਜੋ ਜਰੂਰੀ ਹੋਣ ਅਰਜੀ ਨਾਲ ਜਮ੍ਹਾਂ ਕਰਵਾਏਗੀ।

vi. ਤਰਸ ਦੇ ਅਧਾਰ ਤੇ ਕੇਵਲ ਉਹਨ੍ਹਾਂ ਕੇਸਾਂ ਨੂੰ ਵਿਚਾਰਿਆ ਜਾਵੇਗਾ ਜਿਸ ਕੇਸ ਵਿੱਚ ਮੌਤ ਹੋਣ ਵਾਲੀ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰਾਂ ਦੀ ਉਮਰ 60 ਸਾਲ ਤੋ ਘੱਟ ਹੋਵੇ। ਜੇਕਰ ਮੌਤ ਹੋਣ ਸਮੇਂ ਕੰਮ ਕਰ ਰਹੀ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰਾਂ ਦੀ ਉਮਰ 60 ਸਾਲ ਤੋ ਜਿਆਦਾ ਹੈ ਤਾਂ ਤਰਸ ਦੇ ਅਧਾਰ ਤੇ ਅਰਜੀ ਨੂੰ ਨਹੀਂ ਵਿਚਾਰਿਆ ਜਾਵੇਗਾ।

vii. ਆਂਗਣਵਾੜੀ ਵਰਕਰ ਦੀ ਮੋਤ ਹੋਣ ਤੇ ਤਰਸ ਦੇ ਅਧਾਰ ਤੇ ਆਸ਼ਰਿਤ ਦੀ ਅਰਜੀ ਤੇ ਵਿਚਾਰ ਕਰਨ ਤੋ ਪਹਿਲਾਂ ਜੇਕਰ ਸਬੰਧਤ ਆਂਗਣਵਾੜੀ ਸੈਂਟਰ ਦੀ ਹੈਲਪਰ ਪੱਦਉਨਤੀ ਲਈ ਯੋਗ ਹੈ ਤਾਂ ਉਸ ਨੂੰ ਪੱਦਉਨਤੀ ਦੇਣ ਉਪਰੰਤ ਹੀ ਤਰਸ ਦੇ ਅਧਾਰ ਤੇ ਆਸ਼ਰਿਤ ਦਾ ਕੇਸ ਆਂਗਣਵਾੜੀ ਹੈਲਪਰ ਵਜੋ ਵਿਚਾਰਿਆ ਜਾਵੇਗਾ।

Deputy Director
Department of Social Security and Women &
Child Development, Punjab, Chandigarh

viii. ਜੇਕਰ ਆਸ਼ਰਿਤ ਆਂਗਣਵਾੜੀ ਹੈਲਪਰ ਦੀ ਅਸਾਮੀ ਨਹੀਂ ਲੈਣਾ ਚਾਹੁੰਦੀ ਹੈ ਤਾਂ ਉਸ ਪਾਸੋ ਸਵੈ-ਘੋਸ਼ਣਾ ਲੈਣ ਉਪਰੰਤ ਜਾਂ ਲਿਖਤੀ ਕਾਰਨ ਰਿਕਾਰਡ ਕਰਦੇ ਹੋਏ ਆਂਗਣਵਾੜੀ ਵਰਕਰ ਦੀ ਅਸਾਮੀ ਨੂੰ ਖਾਲੀ ਅਸਾਮੀਆਂ ਦੀ ਕੈਟਾਗਿਰੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਆਸ਼ਰਿਤ ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ**

i. ਬਿਨੈਕਾਰ ਦੀ ਅਰਜੀ ਸੰਬੰਧੀ ਮੁਢਲੀ ਤਸਦੀਕ ਸਬੰਧਤ ਸੁਪਰਵਾਈਜ਼ਰ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਕੀਤੀ ਜਾਵੇਗੀ। ਅਤੇ ਬਾਲ ਵਿਕਾਸ ਪ੍ਰਾਜੈਕਟ ਅਫਸਰ ਮੁੱਢਲੀ ਪੜਤਾਲ ਕਰਨ ਉਪਰੰਤ ਆਸ਼ਰਿਤ ਸਰਟੀਫਿਕੇਟ ਜਾਰੀ ਕਰਨ ਲਈ ਨਿਰਧਾਰਤ ਪ੍ਰੋਫਾਰਮੇ ਵਿੱਚ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੂੰ ਲਿਖਤੀ ਰੂਪ ਵਿੱਚ ਜਾਣਕਾਰੀ ਭੇਜੇਗਾ।

ii. ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਸਬੰਧਤ ਬਾਲ ਵਿਕਾਸ ਪ੍ਰਾਜੈਕਟ ਅਫਸਰ ਪੱਤਰ ਪ੍ਰਾਪਤ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਆਸ਼ਰਿਤ ਸਰਟੀਫਿਕੇਟ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਪ੍ਰਾਪਤ ਤਜਵੀਜ ਅਤੇ ਪੜਤਾਲ ਦੇ ਆਧਾਰ ਤੇ ਜਾਰੀ ਕੀਤਾ ਜਾਵੇਗਾ।

iii. ਸਬੰਧਤ ਬਾਲ ਵਿਕਾਸ ਪ੍ਰਾਜੈਕਟ ਅਫਸਰ ਵੱਲੋਂ ਆਸ਼ਰਿਤ ਸਰਟੀਫਿਕੇਟ ਪ੍ਰਾਪਤ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਨਿਯੁਕਤੀ ਪੱਤਰ ਸਬੰਧਤ ਆਸ਼ਿਰਤ ਨੂੰ ਜਾਰੀ ਕੀਤਾ ਜਾਵੇਗਾ।

iv. ਇਹ ਸਮੁੱਚੀ ਪ੍ਰਕਿਰਿਆ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਭਾਗ-I ਵਿੱਚ ਦਰਜ ਸ਼ਡਿਊਲ ਅਨੁਸਾਰ ਮੁਕੰਮਲ ਕੀਤੀ ਜਾਵੇਗੀ।

**ਆਸ਼ਰਿਤ ਦੀ ਹਾਜ਼ਰੀ ਰਿਪੋਰਟ**

i. ਜੇਕਰ ਆਸ਼ਰਿਤ ਵੱਲੋ 15 ਦਿਨਾਂ ਦੇ ਅੰਦਰ ਆਪਣੀ ਹਾਜਰੀ ਰਿਪੋਰਟ ਪੇਸ਼ ਨਹੀ ਕੀਤੀ ਜਾਂਦੀ ਤਾ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਸਬੰਧਤ ਆਸ਼ਰਿਤ ਨੂੰ ਜਾਰੀ ਨਿਯੁਕਤੀ ਪੱਤਰ ਦੀ ਪੇਸ਼ਕਸ਼ ਰੱਦ ਸਮਝੀ ਜਾਵੇਗੀ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਇਸ ਸਬੰਧੀ ਸੂਚਨਾਂ ਜਿਲਾ ਪ੍ਰੋਗਰਾਮ ਅਫਸਰ ਨੂੰ ਭੇਜੇਗਾ।

ii. ਆਸ਼ਰਿਤ ਵੱਲੋਂ ਨਿਯੁਕਤੀ ਪੱਤਰ ਜਾਰੀ ਹੋਣ ਉਪਰੰਤ ਮਿਥੇ ਸਮੇਂ ਵਿੱਚ ਆਪਣੀ ਹਾਜਰੀ ਰਿਪੋਰਟ ਨਹੀਂ ਦਿੱਤੀ ਜਾਂਦੀ ਤਾਂ ਇਸ ਨਿਯੁਕਤੀ ਨੂੰ ਰੱਦ ਕਰਦੇ ਹੋਏ ਪਰਿਵਾਰ ਦੇ ਕਿਸੇ ਹੋਰ ਆਸ਼ਰਿਤ ਨੂੰ ਭਵਿੱਖ ਇਸ ਦਾ ਲਾਭ ਨਹੀਂ ਦਿੱਤਾ ਜਾਵੇਗਾ ਅਤੇ ਨਾ ਹੀ ਇਸ ਕੇਸ ਤੇ ਮੁੜ ਵਿਚਾਰ ਕੀਤਾ ਜਾਵੇਗਾ।

**ਆਂਗਨਵਾੜੀ ਵਰਕਰਾਂ/ ਆਂਗਨਵਾੜੀ ਹੈਲਪਰਾਂ ਦੀ ਬਦਲੀ/ਐਡਜਸਟਮੈਂਟ ਸਬੰਧੀ ਪ੍ਰਕਿਰਿਆ**

i. ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਆਪਣੇ ਜਿਲ੍ਹੇ ਅਧੀਨ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਖਾਲੀ ਅਸਾਮੀਆਂ ਵਿਰੁੱਧ ਯੋਗ ਆਂਗਨਵਾੜੀ ਹੈਲਪਰਾਂ ਪਦਉੱਨਤੀ ਅਤੇ ਤਰਸ ਦੇ ਅਧਾਰ ਤੇ ਪ੍ਰਾਪਤ ਕੇਸਾ ਦਾ ਨਿਪਟਾਰਾ ਭਾਗ-I ਵਿੱਚ ਜਾਰੀ ਸ਼ਡਿਊਲ ਅਨੁਸਾਰ ਕਰਵਾਉਣ ਉਪਰੰਤ ਜਿਲ੍ਹੇ ਵਿੱਚ ਆਂਗਨਵਾੜੀ ਵਰਕਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਅਤੇ ਆਂਗਨਵਾੜੀ ਹੈਲਪਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੀ ਸੂਚਨਾ ਤਿਆਰ ਕਰੇਗਾ ਅਤੇ ਜਿਲ੍ਹੇ/ ਵਿਭਾਗ ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕਰਵਾਏਗਾ।

ii. ਆਂਗਣਵਾੜੀ ਵਰਕਰ/ਹੈਲਪਰ ਦੀ ਬਦਲੀ ਕੇਵਲ ਅਤੀ ਜਰੂਰੀ ਹਲਾਤਾ ਵਿੱਚ ਕੀਤੀ ਜਾਵੇਗੀ ਅਤੇ ਬਦਲੀ ਸਬੰਧੀ ਸਬੰਧਤ ਦਾ ਕੋਈ ਹੱਕ ਨਹੀਂ ਹੋਵੇਗਾ।

iii. ਆਂਗਨਵਾੜੀ ਵਰਕਰਾਂ ਅਤੇ ਆਂਗਨਵਾੜੀ ਹੈਲਪਰਾਂ ਦੀ ਸਬੰਧਤ ਅਸਾਮੀਆਂ ਲਈ ਆਪਣੀਆਂ ਅਰਜ਼ੀਆਂ ਸਬੰਧਤ ਜਿਲਾ ਪ੍ਰੋਗਰਾਮ ਅਫਸਰ ਨੂੰ ਭੇਜਣਗੀਆਂ ਅਤੇ ਇਹਨਾਂ ਅਰਜੀਆਂ ਦਾ ਨਿਪਟਾਰਾ ਭਾਗ-I ਦੇ ਸ਼ਡਿਊਲ ਅਨੁਸਾਰ ਕਰਨਾ ਜਰੂਰੀ ਹੋਵੇਗਾ ਅਤੇ ਆਖਰੀ ਮਿਤੀ ਤੋ ਬਆਦ ਬਦਲੀਆਂ/ਅਡਜਸਟਮੈਂਟਾਂ ਤੇ ਪੂਰਨ ਪਾਬੰਦੀ ਹੋਵੇਗੀ।

iv. ਅਰਜੀਆਂ ਪ੍ਰਾਪਤ ਕਰਨ ਦਾ ਸਮਾਂ ਘੱਟੋ-ਘੱਟ ਇੱਕ ਮਹੀਨੇ ਦਾ ਹੋਵੇਗਾ ਅਤੇ ਮਿਥੀ ਮਿਤੀ ਤੋ ਬਆਦ ਕੋਈ ਅਰਜੀ ਸਵੀਕਾਰ ਨਹੀਂ ਕੀਤੀ ਜਾਵੇਗੀ।

Deputy Director
Department of Social Security and Women &
Child Development, Punjab, Chandigarh

v. ਬਿਨੈਕਾਰ ਵੱਲੋਂ ਆਪਣੀ ਬਦਲੀ ਦੀ ਅਰਜ਼ੀ (ਜਿਸ ਜ਼ਿਲ੍ਹੇ ਵਿੱਚ ਉਸ ਵੱਲੋਂ ਬਦਲੀ ਕਰਵਾਉਣ ਲਈ ਅਰਜੀ ਦਿੱਤੀ ਜਾਣੀ ਹੈ) ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਭੇਜੀ ਜਾਵੇਗੀ। ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਖਾਲੀ ਅਸਾਮੀ ਸਬੰਧੀ ਤਸਦੀਕ/ਵੈਰੀਫਿਕੇਸ਼ਨ ਕਰਦੇ ਹੋਏ ਅਗਲੇਰੀ ਕਾਰਵਾਈ ਲਈ ਇਸ ਅਰਜੀ ਦੀ ਕਾਪੀ ਜਿਸ ਬਲਾਕ ਵਿੱਚੋਂ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਦੀ ਬਦਲੀ ਕੀਤੀ ਜਾਣੀ ਹੈ ਤੇ ਸਬੰਧਤ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਨੂੰ ਵੈਰੀਫਿਕੇਸ਼ਨ ਲਈ ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੇ ਰਾਹੀਂ ਭੇਜੀ ਜਾਵੇਗੀ ਅਤੇ ਉਸ ਬਾਲ ਵਿਕਾਸ ਪ੍ਰਾਜੈਕਟ ਅਫਸਰ ਵੱਲੋਂ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਤੋਂ 15 ਦਿਨ ਦੇ ਅੰਦਰ-ਅੰਦਰ ਵੈਰੀਫਿਕੇਸ਼ਨ ਰਿਪੋਰਟ ਭੇਜਣੀ ਲਾਜ਼ਮੀ ਹੋਵੇਗੀ। ਅਤੇ ਇਸ ਦੀ ਸੂਚਨਾਂ ਸਬੰਧਤ ਜਿਲਾ ਪ੍ਰੋਗਰਾਮ ਅਫਸਰਾਂ ਨੂੰ ਭੇਜਣੀ ਲਾਜ਼ਮੀ ਹੋਵੇਗੀ।

vi. ਇੱਕੋ ਬਲਾਕ ਅੰਦਰ ਬਦਲੀ ਸਬੰਧੀ ਕਾਰਵਾਈ ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਕੀਤੀ ਜਾਵੇਗੀ ਅਤੇ ਇਸ ਉਪਰੰਤ ਬਦਲੀ ਦੇ ਹੁਕਮ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਜਾਰੀ ਕੀਤੇ ਜਾਣਗੇ।

vii. ਵੈਰੀਫਿਕੇਸ਼ਨ ਰਿਪੋਰਟ ਪ੍ਰਾਪਤ ਹੋਣ ਉਪਰੰਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਅਰਜ਼ੀ ਸਮੇਤ ਵੈਰੀਫਿਕੇਸ਼ਨ ਰਿਪੋਰਟ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ (ਜਿਸ ਬਲਾਕ ਵਿੱਚ ਆਂਗਣਵਾੜੀ ਵਰਕਰ/ਆਂਗਨਵਾੜੀ ਹੈਲਪਰ ਵਲੋਂ ਨੌਕਰੀ ਪ੍ਰਾਪਤ ਕੀਤੀ ਜਾਣੀ ਹੈ) ਨੂੰ ਭੇਜੀ ਜਾਵੇਗੀ ਜਿਸ ਤੇ ਅਗਲੇਰੀ ਕਾਰਵਾਈ ਕਰਦੇ ਹੋਏ ਯੋਗਤਾ ਦੇ ਆਧਾਰ ਤੇ ਨਿਯੁਕਤੀ ਪੱਤਰ ਜਾਰੀ ਕੀਤਾ ਜਾਵੇਗਾ।

viii. ਬਦਲੀ/ਐਡਜਸਟਮੈਂਟ ਵਿੱਚ ਇੱਕ ਤੋ ਜਿਆਦਾ ਬਿਨੈਪੱਤਰ ਪ੍ਰਾਪਤ ਹੋਣ ਦੀ ਸੂਰਤ ਵਿੱਚ ਵਧੇਰੇ ਤਜਰਬੇ ਅਤੇ ਤਜਰਬਾ ਸਮਾਨ ਹੋਣ ਦੀ ਸੂਰਤ ਵਿੱਚ ਜਿਆਦਾ ਦੂਰੀ ਤੋਂ ਬਦਲੀ ਕਰਵਾਉਣ ਵਾਲੀ ਵਰਕਰ ਨੂੰ ਪਹਿਲ ਹੋਵੇਗੀ।

**ਆਂਗਨਵਾੜੀ ਵਰਕਰਾਂ/ਆਂਗਨਵਾੜੀ ਹੈਲਪਰਾਂ ਬਦਲੀ/ਐਡਜਸਟਮੈਂਟ ਸਬੰਧੀ ਹਦਾਇਤਾਂ**

i. ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਵਿਆਹ ਉਪਰੰਤ ਕੇਵਲ ਇੱਕ ਵਾਰੀ ਹੀ ਬਦਲੀ/ਅਡਜੈਸਟਮੈਂਟ ਕਰਵਾਉਣ ਲਈ ਯੋਗ ਹੋਵੇਗੀ ਅਤੇ ਅਜਿਹੇ ਕੇਸ ਵਿੱਚ ਪੰਜਾਬ ਸਰਕਾਰ ਵੱਲੋ ਜਾਰੀ ਵਿਆਹ ਦੀ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਦੇਣਾ ਲਾਜ਼ਮੀ ਹੋਵੇਗਾ ਅਤੇ ਬਿਨ੍ਹਾ ਸਰਟੀਫਿਕੇਟ ਦੇ ਅਰਜੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ii. ਵਿਆਹ ਉਪਰੰਤ ਬਦਲੀ ਕਰਵਾਉਣ ਵਾਲੀਆਂ ਲੜਕੀਆਂ ਪਾਸ ਜੇਕਰ ਰਿਹਾਇਸ਼ ਦੇ ਸੂਬਤ ਉਪਲਬਧ ਨਾ ਹੋਣ ਤਾਂ ਅਰਜੀ ਨਾਲ ਪਤੀ ਦਾ ਉਪਰੋਕਤ ਸਾਰੇ ਦਸਤਾਵੇਜ ਅਤੇ ਸਰਕਾਰ ਵੱਲੋ ਜਾਰੀ ਵਿਆਹ ਦੀ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਨਾਲ ਪ੍ਰਤੀਬੇਨਤੀ ਦਿੱਤੀ ਜਾ ਸਕਦੀ ਹੈ। ਪ੍ਰੰਤੂ ਅਜਿਹੇ ਕੇਸਾਂ ਵਿੱਚ ਬਦਲੀ ਦੇ ਹੁੱਕਮ ਜਾਰੀ ਤੋਂ ਪਹਿਲਾਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਇਹ ਸੁਨਸ਼ਚਿਤ ਕਰੇਗਾ ਕਿ ਸਬੰਧਤ ਬਿਨੈਕਾਰ ਨੇ ਰਿਹਾਇਸ਼ ਦੇ ਦਸਤਾਵੇਜ ਸਰਕਾਰ ਦੀਆਂ ਸਮਰੱਥ ਅਥਾਰਿਟੀ ਪਾਸੋ ਬਣਵਾ ਲਏ ਹਨ ਅਤੇ ਦਸਤਾਵੇਜ ਪ੍ਰਾਪਤ ਕਰਨ ਉਪਰੰਤ ਦੀ ਬਦਲੀ ਦੇ ਹੁੱਕਮ ਜਾਰੀ ਕਰੇਗਾ।

iii. ਸਬੰਧਤ ਵਰਕਰ/ਹੈਲਪਰ ਵੱਲੋ ਭਾਗ-II ਅਨੁਸਾਰ ਰਿਹਾਇਸ਼ ਸਬੰਧੀ ਸ਼ਰਤਾ ਪੂਰੀਆਂ ਕਰਦੇ ਹੋਣ ਤੇ ਬਦਲੀ ਪਹਿਲ ਦੇ ਅਧਾਰ ਤੇ ਕੀਤੀ ਜਾਵੇਗੀ। ਵਿਆਹ ਉਪਰੰਤ ਕੇਵਲ ਇੱਕ ਵਾਰੀ ਹੀ ਬਦਲੀ/ਅਡਜੈਸਟਮੈਂਟ ਕਰਵਾਉਣ ਲਈ ਸਬੰਧਤ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਖਾਲੀ ਅਸਾਮੀ ਵਾਲੀ ਵਾਲੇ ਆਈ.ਸੀ.ਡੀ.ਐਸ. ਸਰਕਲ ਦੇ ਪਿੰਡ ਦੇ ਕਿਸੇ ਵੀ ਆਂਗਣਵਾੜੀ ਸੈਂਟਰ ਵਿੱਚ ਖਾਲੀ ਅਸਾਮੀ ਲਈ ਆਪਣਾ ਬਿਨੈਪੱਤਰ ਦੇ ਸਕਦੀ ਹੈ।

iv. ਬਦਲੀ/ਐਡਜਸਟਮੈਂਟ ਦੇ ਸਬੰਧੀ ਵਿੱਚ ਇੱਕ ਤੋ ਜਿਆਦਾ ਅਰਜੀਆਂ/ਪ੍ਰਤੀਬੇਨਤੀਆਂ ਪ੍ਰਾਪਤ ਹੋਣ ਤੇ ਵੱਧ ਤਜਰਬੇ ਵਾਲੀ ਵਰਕਰ/ਹੈਲਪਰ ਨੂੰ ਬਦਲੀ ਵਿੱਚ ਪਹਿਲ ਹੋਵੇਗੀ।

v. ਆਪਸੀ ਬਦਲੀ ਜਾਂ ਹੋਰ ਕਿਸੇ ਪ੍ਰਕਾਰ ਦੀ ਬਦਲੀ (ਖਾਲੀ ਅਸਾਮੀ ਵਿਰੁੱਧ) ਲਈ ਭਾਗ-II ਵਿੱਚ ਰਿਹਾਇਸ਼ ਦੀਆਂ ਸ਼ਰਤਾਂ ਵਿੱਚ ਕੋਈ ਛੋਟ/ਰਿਆਇਤ ਨਹੀਂ ਹੋਵੇਗੀ।

Deputy Director
Department of Social Security and Women & Child Development, Punjab, Chandigarh

vi. **ਹਾਜਰੀ ਰਿਪੋਰਟ** ਜੇਕਰ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਵੱਲੋਂ ਨਿਯੁਕਤੀ ਪੱਤਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ ਹਾਜਰੀ ਰਿਪੋਰਟ ਪੇਸ਼ ਨਹੀ ਕੀਤੀ ਜਾਂਦੀ ਤਾ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਸਬੰਧਤ ਆਂਗਨਵਾੜੀ ਵਰਕਰ/ਆਂਗਨਵਾੜੀ ਹੈਲਪਰ ਨੂੰ ਜਾਰੀ ਨਿਯੁਕਤੀ ਪੱਤਰ ਦੀ ਪੇਸ਼ਕਸ਼ ਰੱਦ ਸਮਝੀ ਜਾਵੇਗੀ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਇਸ ਸਬੰਧੀ ਸੂਚਨਾਂ ਜਿਲਾ ਪ੍ਰੋਗਰਾਮ ਅਫਸਰ ਨੂੰ ਭੇਜੇਗਾ।

**ਭਾਗ-VI**

**ਆਂਗਨਵਾੜੀ ਵਰਕਰਾਂ/ ਆਂਗਨਵਾੜੀ ਹੈਲਪਰਾਂ ਦੀਆਂ ਛੁੱਟੀਆਂ ਸਬੰਧੀ ਹਦਾਇਤਾਂ**

i. ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਪ੍ਰਤੀ ਸਾਲ 1 ਮਹੀਨਾਂ ਦੀ ਦਰ ਤੇ ਕੁੱਲ 3 ਮਹੀਨਿਆਂ ਦੀ ਛੁੱਟੀ ਇੱਕਤਰ (Cumulate) ਕੀਤੀ ਜਾਵੇਗੀ ਅਤੇ ਵੱਧ ਤੋ ਵੱਧ ਕਿਸੇ ਕਿਸਮ ਦੀ ਛੁੱਟੀ 3 ਮਹੀਨੇ ਦੀ ਹੀ ਹੋਵੇਗੀ।

1. **ਵਿਦੇਸ਼ ਜਾਣ ਦੀ ਛੁੱਟੀ**

i. ਤਿੰਨ ਸਾਲ ਦੀ ਸਰਵਿਸ ਪੂਰੀ ਕਰ ਚੁੱਕੀਆਂ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਵਿਦੇਸ਼ ਜਾਣ ਲਈ 3 ਮਹੀਨੇਂ ਦੀ ਇੱਕਮੁਸ਼ਤ ਜਾਂ ਟੁਟਵੀ ਵਿਦੇਸ਼ ਛੁੱਟੀ ਮਿਲਣਯੋਗ ਹੈ। ਇਹ ਵਿਦੇਸ਼ ਛੁੱਟੀ, ਛੁੱਟੀ ਅਵੇਲ ਕਰਨ ਦੀ ਮਿਤੀ ਤੋ ਪਿਛਲੇ ਤਿੰਨ ਸਾਲ ਦੀ ਸਰਵਿਸ ਰਿਕਾਰਡ ਦੇ ਅਨੁਸਾਰ ਮਿਲਣਯੋਗ ਹੋਵੇਗੀ।

ii. ਵਿਦੇਸ਼ ਛੁੱਟੀ ਦੀ ਮੰਨਜੂਰੀ ਜਾਰੀ ਕਰਨ ਸਮੇਂ ਸਬੰਧਤ ਅਧਿਕਾਰੀ ਵੱਲੋ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਵੱਲੋ ਪਿਛਲੇ 3 ਸਾਲਾਂ ਦੇ ਸਮੇਂ ਦੌਰਾਨ ਅਵੇਲ ਕੀਤੀ ਵਿਦੇਸ਼ ਛੁੱਟੀ/ਮੈਡੀਕਲ ਛੁੱਟੀ ਨੂੰ 3 ਮਹੀਨਿਆਂ ਦੀ ਛੁੱਟੀ ਵਿੱਚੋ ਘਟਾਇਆ ਜਾਵੇਗਾ। ਭਾਵ ਕਿ ਸਾਰੀਆਂ ਕਿਸਮਾਂ ਦੀ ਕੁੱਲ ਛੁੱਟੀ ਵੱਧ ਤੋ ਵੱਧ 1 ਮਹੀਨਾਂ ਦੀ ਦਰ ਤੇ 3 ਸਾਲਾਂ ਵਿੱਚ 3 ਮਹੀਨੇ ਦੀ ਹੀ ਹੋਵੇਗੀ।

iii. ਵਿਦੇਸ਼ ਛੁੱਟੀ ਅਵੇਲ ਕਰਨ ਦੀ ਮਿਤੀ ਤੋਂ ਇਕ ਮਹੀਨਾ ਪਹਿਲਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਤੋਂ ਬਿਨਾਂ ਮਾਣਭੱਤਾ ਪ੍ਰਵਾਨ ਕਰਵਾਉਣੀ ਜ਼ਰੂਰੀ ਹੈ। ਵਿਦੇਸ਼ ਛੁੱਟੀ ਦੇ ਸਮੇਂ ਦਾ ਤਜਰਬਾ ਵੀ ਮੰਨਣ ਯੋਗ ਨਹੀਂ ਹੋਵੇਗਾ। ਅਗਰ ਕੋਈ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਛੁੱਟੀ ਬਿਨ੍ਹਾਂ ਪ੍ਰਵਾਨ ਕਰਵਾਏ ਵਿਦੇਸ਼ ਜਾਂਦੀ ਹੈ ਜਾਂ ਛੁੱਟੀ ਖਤਮ ਹੋਣ ਉਪਰੰਤ ਸਮੇਂ ਸਿਰ ਆਪਣੀ ਲਿਖਤੀ ਹਾਜ਼ਰੀ ਰਿਪੋਰਟ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਪੇਸ਼ ਨਹੀਂ ਕਰਦੀ, ਤਾਂ ਬਾਲ ਵਿਕਾਸ ਪ੍ਰੋਜੈਕਟ ਅਫਸਰ ਅਫਸਰ ਉਸਦੀ ਗੈਰ ਹਾਜ਼ਰੀ ਸਬੰਧੀ ਰਿਪੋਰਟ 15 ਦਿਨ ਦੇ ਅੰਦਰ-ਅੰਦਰ ਮੁਢਲੀ ਪੜਤਾਲ ਕਰਦੇ ਹੋਏ ਸੇਵਾਵਾਂ ਖਤਮ ਕਰਨ ਲਈ ਰਿਪੋਰਟ ਪ੍ਰਵਾਨ ਕਰਨ ਲਈ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਭੇਜੇਗਾ ਅਤੇ ਪ੍ਰਵਾਨਗੀ ਉਪਰੰਤ ਸੇਵਾਵਾਂ ਤੁਰੰਤ ਖਤਮ ਕਰਨ ਲਈ ਕਾਰਵਾਈ ਕਰਨੀ ਯਕੀਨੀ ਬਣਾਏਗਾ।

iv. ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਵੱਲੋ ਵਿਦੇਸ਼ ਛੁੱਟੀ ਨਿਰਧਾਰਤ ਪ੍ਰੋਫਾਰਮੇ ਵਿੱਚ ਅਪਲਾਈ ਕੀਤੀ ਜਾਵੇਗੀ ਅਤੇ ਛੁੱਟੀ ਦੇ ਬਿਨੈਪੱਤਰ ਦੇ ਨਾਲ ਪਾਸਪੋਰਟ, ਸਵੈਘੋਸ਼ਣਾ ਪੱਤਰ, ਵਾਪਸੀ ਦੀ ਟਿਕਟ, ਆਦਿ ਦਸਤਾਵੇਜ ਮੁਹਈਆ ਕਰਵਾਉਣੇ ਲਾਜ਼ਮੀ ਹੋਣਗੇ।

2. **ਮੈਡੀਕਲ ਛੁੱਟੀ**

i. ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਇੱਕ ਕੈਲੰਡਰ ਸਾਲ ਵਿੱਚ 1 ਮਹੀਨੇ ਦੀ ਇਕੱਠੀ ਜਾਂ ਟੁੱਟਵੀਂ ਮੈਡੀਕਲ ਛੁੱਟੀ ਸਮੇਤ ਮਾਣਭੱਤਾ ਮਿਲਣਯੋਗ ਹੋਵੇਗੀ। ਮੈਡੀਕਲ ਛੁੱਟੀ ਦੇ ਸਮੇਂ ਦਾ ਤਜ਼ਰਬਾ ਮੰਨਣਯੋਗ ਨਹੀਂ ਹੋਵੇਗਾ।

ii. ਇਹ ਛੁੱਟੀ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਸਮੇਤ ਮਾਨਭੱਤਾ (ਇੱਕਮੁਸ਼ਤ ਜਾਂ ਟੁਟਵੀਂ) ਮੰਨਜੂਰ ਕੀਤੀ ਜਾਵੇਗੀ ਅਤੇ ਇਸ ਦੀ ਜਾਣਕਾਰੀ ਸਬੰਧਤ ਜਿਲ੍ਹਾ ਪ੍ਰੋਗਰਾਮ ਅਫਸਰ ਨੂੰ ਭੇਜੀ ਜਾਵੇਗੀ।

Deputy Director
Department of Social Security and Women &
Child Development, Punjab, Chandigarh

iii. ਜੇਕਰ ਮੈਡੀਕਲ ਛੁੱਟੀ 1 ਮਹੀਨੇ ਤੋਂ ਵੱਧ ਸਮੇਂ ਲਈ ਲੋੜੀਂਦੀ ਹੋਵੇ, ਤਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਬਿਨਾ ਮਾਣਭੱਤਾ ਵੱਧ ਤੋ ਵੱਧ 3 ਮਹੀਨਿਆਂ ਤੱਕ ਦੀ ਮੰਨਜ਼ੂਰ ਕੀਤੀ ਜਾਵੇਗੀ ਅਤੇ ਇਹ ਛੁੱਟੀ ਭਾਗ VI (i) ਦੀ ਦਿੱਤੀ ਪਰਿਭਾਸ਼ਾ ਵਿੱਚ ਕਵਰ ਹੋਵੇਗੀ।

iv. ਮੈਡੀਕਲ ਛੁੱਟੀ ਅਵੇਲ ਕਰਨ ਲਈ ਸਰਕਾਰੀ ਜਾਂ ਪ੍ਰਾਈਵੇਟ M.B.B.S. ਡਾਕਟਰ ਵੱਲੋ ਜਾਰੀ ਸਰਟੀਫਿਕੇਟ ਦੇਣਾ ਲਾਜ਼ਮੀ ਹੋਵੇਗਾ।

v. ਮੈਡੀਕਲ ਛੁੱਟੀ ਦੌਰਾਨ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਦਾ ਕੰਮ ਆਰਜ਼ੀ ਤੌਰ ਤੇ ਨੇੜੇ ਲੱਗਦੇ ਆਂਗਣਵਾੜੀ ਸੈਂਟਰ ਦੀ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਨੂੰ ਸੀ.ਡੀ.ਪੀ.ਓ. ਵੱਲੋ ਕੀਤੀ ਸਿਫਾਰਸ਼ ਦੇ ਅਧਾਰ ਤੇ ਸੌਂਪਿਆ ਜਾਵੇਗਾ।

3. **ਅਚਨਚੇਤ ਛੁੱਟੀ**

i. ਆਂਗਨਵਾੜੀ ਵਰਕਰ/ਆਂਗਣਵਾੜੀ ਹੈਲਪਰ ਨੂੰ 1 ਸਾਲ ਵਿੱਚ ਵੱਧ ਤੋ ਵੱਧ 20 ਛੁੱਟੀਆਂ ਮਿਲਣਯੋਗ ਹੋਣਗੀਆਂ। 20 ਤੋ ਵੱਧ ਅਚਨਚੇਤ ਛੁੱਟੀਆਂ ਲੈਣ ਦੀ ਹਾਲਤ ਵਿੱਚ ਸਬੰਧਤ ਆਂਗਣਵਾੜੀ ਵਰਕਰ/ਹੈਲਪਰ ਨੂੰ ਮਾਣਭੱਤੇ ਵਿੱਚ ਮਿਲਣ ਵਾਲਾ ਸਲਾਨਾ ਵਾਧਾ ਮਿਲਣਯੋਗ ਨਹੀਂ ਹੋਵੇਗਾ।

ii. ਆਂਗਨਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਵਲੋਂ ਕਿਸੇ ਵੀ ਪ੍ਰਕਾਰ ਦੀ ਅਚਨਚੇਤ ਛੁੱਟੀ ਦੀ ਮੰਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ, ਜੋ ਕਿ ਦੋ ਦਿਨ ਤੱਕ ਸਰਕਲ ਸੁਪਰਵਾਈਜ਼ਰ ਵੱਲੋਂ ਅਤੇ ਇਸ ਤੋਂ ਜ਼ਿਆਦਾ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ।

iii. ਸਰਕਲ ਸੁਪਰਵਾਈਜ਼ਰ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਵੱਲੋਂ ਦਿੱਤੀ ਗਈ ਛੁੱਟੀ ਦੀ ਅਰਜ਼ੀ ਨੂੰ ਰਿਕਾਰਡ ਹਿੱਤ ਡਾਇਰੀ ਕਰਨਾ ਯਕੀਨੀ ਬਣਾਵੇਗੀ।

iv. ਅਚਨਚੇਤ ਛੁੱਟੀ ਸਬੰਧੀ ਰਿਕਾਰਡ ਸਬੰਧਤ ਸਰਕਲ ਸੁਪਰਵਾਈਜ਼ਰ ਦੁਆਰਾ ਮੇਨਟੇਨ ਕੀਤਾ ਜਾਵੇਗਾ ਅਤੇ ਹਰੇਕ ਮਹੀਨੇਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵਿਖੇ ਜਮਾਂ ਕਰਵਾਇਆ ਜਾਵੇਗਾ।

v. ਸਮਰੱਥ ਅਧਿਕਾਰੀ ਤੋਂ ਬਿਨਾਂ ਛੁੱਟੀ ਮੰਨਜ਼ੂਰ ਕਰਵਾਏ ਅਤੇ ਬਿਨਾਂ ਸੂਚਿਤ ਕੀਤੇ (ਬਾਲ ਵਿਕਾਸ ਪ੍ਰੋਜੈਕਟ ਅਫਸਰ/ਸਰਕਲ ਸੁਪਰਵਾਈਜਰ) ਡਿਊਟੀ ਤੋਂ ਗੈਰਹਾਜ਼ਰ ਮੰਨਿਆ ਜਾਵੇਗਾ।

4. **ਪ੍ਰਸੂਤਾ ਛੁੱਟੀ**

i. ਘੱਟੋ-ਘੱਟ ਇੱਕ ਸਾਲ ਦੀ ਸੇਵਾ ਨਿਭਾ ਚੁੱਕੀਆਂ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਪਹਿਲੇ 2 ਬੱਚਿਆਂ ਦੇ ਜਨਮ ਲਈ 6 ਮਹੀਨੇ ਦੀ ਪ੍ਰਸੂਤਾ ਛੁੱਟੀ ਦਿੱਤੀ ਜਾਵੇਗੀ।

ii. 3 ਮਹੀਨੇ ਜਾਂ ਉਸ ਤੋਂ ਘੱਟ ਉਮਰ ਦਾ ਬੱਚਾ ਗੋਦ ਲੈਣ ਦੀ ਮਿਤੀ ਤੋਂ 12 ਹਫਤੇ ਦੀ ਛੁੱਟੀ ਦਾ ਉਪਬੰਧ ਹੋਵੇਗਾ।

iii. ਗਰਭਪਾਤ ਵੇਲੇ 42 ਦਿਨਾਂ ਦੀ ਛੁੱਟੀ ਮਿਲੇਗੀ।

iv. ਪ੍ਰਸੂਤਾ ਛੁੱਟੀ ਦੇ ਸਮੇਂ ਦੌਰਾਨ ਮਾਣਭੱਤਾ ਮਿਲਣਯੋਗ ਹੋਵੇਗਾ।

v. ਇਹ ਛੁੱਟੀ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ।

5. **ਵਿੱਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ ਛੁੱਟੀ**

i. ਯੋਗਤਾ ਵਿੱਚ ਵਾਧਾ ਕਰਨ ਲਈ ਕੇਵਲ ਪ੍ਰੀਖਿਆ ਦੇ ਸਮੇਂ ਛੁੱਟੀ ਮਿਲਣਯੋਗ ਹੋਵੇਗੀ। ਇਹ ਛੁੱਟੀ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਬਿਨਾਂ ਤਨਖਾਹ ਛੁੱਟੀ ਮੰਨਜ਼ੂਰ ਕੀਤੀ ਜਾਵੇਗੀ।

ii. ਜੇਕਰ ਛੁੱਟੀ ਇੱਕ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਲੋੜੀਂਦੀ ਹੋਵੇ, ਤਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ। ਇਹ ਛੁੱਟੀ ਵੱਧ ਤੋ ਵੱਧ 3 ਮਹੀਨੇਂ ਦੀ ਇੱਕਮੁਸ਼ਤ ਜਾਂ ਟੁਟਵੀ ਹੋਵੇਗੀ ਅਤੇ ਵਿਦੇਸ਼ ਛੁੱਟੀ ਦੀ ਤਰਜ ਤੇ ਮਿਲਣਯੋਗ ਹੋਵੇਗੀ ਅਤੇ ਇਹ ਛੁੱਟੀ ਭਾਗ VI (i) ਦੀ ਦਿੱਤੀ ਪਰਿਭਾਸ਼ਾ ਵਿੱਚ ਕਵਰ ਹੋਵੇਗੀ।

Deputy Director
Department of Social Security and Women & Child Development, Punjab, Chandigarh

iii. Diploma in Early Childhood Care and Education ਡਿਸਟੈਂਸ ਐਜੂਕੇਸ਼ਨ/ਆਨਲਾਈਨ/ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਮੋਡ ਵਿੱਚ ਕਰਨ ਸਬੰਧੀ ਛੁੱਟੀ ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਪਹਿਲ ਦੇ ਅਧਾਰ ਤੇ ਦਿੱਤੀ ਜਾਵੇਗੀ ਅਤੇ ਇਸ ਛੁੱਟੀ ਨੂੰ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਇੱਕਤਰ ਵੱਧ ਤੋਂ ਵੱਧ 3 ਮਹੀਨਿਆਂ ਦੀ ਛੁੱਟੀ ਵਿੱਚੋ ਘਟਾਇਆ ਨਹੀਂ ਜਾਵੇਗਾ। ਇਹ ਛੁੱਟੀ ਵੱਧ ਤੋ ਵੱਧ ਕੋਰਸ ਦੇ ਸਮੇਂ ਵਿੱਚ 1 ਮਹੀਨੇਂ ਦੀ ਜਾਂ ਕੋਰਸ ਦੌਰਾਨ ਨਿਰਧਾਰਤ Personal Contact Programme ਦੇ ਸਮੇਂ ਦੀ ਮਿਲਣਯੋਗ ਹੋਵੇਗੀ। ਇਹ ਛੁੱਟੀ ਵੱਧ ਤੋਂ ਵੱਧ ਇਮਤਿਹਾਨ ਸ਼ੈਡੀਊਲ ਅਨੁਸਾਰ ਮਿਲਣਯੋਗ ਹੋਵੇਗੀ।

iv. ਜੇਕਰ ਕਿਸੇ ਵਰਕਰ ਵੱਲੋ ਅਸਾਮੀ ਤੇ ਬਿਨੈਪੱਤਰ ਦੇਣ ਤੋ ਪਹਿਲਾਂ ਰੈਗੂਲਰ ਤੋਰ ਤੇ ਡਿਗਰੀ ਜਾਂ ਡਿਪਲੋਮਾਂ ਕੀਤਾ ਜਾ ਰਿਹਾ ਹੈ ਤਾਂ ਉਸ ਨੂੰ ਇਹ ਡਿਗਰੀ ਜਾਂ ਡਿਪਲੋਮਾਂ ਕਰਨ ਦੀ ਵਿਸੇਸ਼ ਛੁੱਟੀ ਬਿਨ੍ਹਾ ਤਨਖਾਹ ਮਿਲੇਗੀ, ਪ੍ਰੰਤੂ ਇਹ ਛੁੱਟੀ ਕਿਸੇ ਵੀ ਹਲਾਤ ਵਿੱਚ 1 ਸਾਲ ਤੋ ਵੱਧ ਨਹੀਂ ਮੰਨਜੂਰ ਕੀਤੀ ਜਾਵੇਗੀ। ਇਹ ਛੁੱਟੀ ਭਾਗ VI (i) ਦੀ ਦਿੱਤੀ ਪਰਿਭਾਸ਼ਾ ਵਿੱਚ ਕਵਰ ਹੋਵੇਗੀ।

6. **ਛੁੱਟੀ ਉਪਰੰਤ ਜੁਆਇਨਿੰਗ**

i. ਅਗਰ ਕੋਈ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਵੱਲੋਂ ਛੁੱਟੀ ਕੱਟਣ ਉਪਰੰਤ ਡਿਊਟੀ ਤੇ ਸਮੇਂ ਸਿਰ ਜੁਆਇੰਨ ਨਹੀਂ ਕੀਤਾ ਜਾਂਦਾ, ਤਾਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਉਸਦੀ ਗੈਰ ਹਾਜ਼ਰੀ ਸਬੰਧੀ ਮੁਢਲੀ ਪੜਤਾਲ ਰਿਪੋਰਟ 15 ਦਿਨਾਂ ਉਪਰੰਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਭੇਜਣੀ ਯਕੀਨੀ ਬਣਾਏਗਾ ਅਤੇ ਸੇਵਾਵਾਂ ਖਤਮ ਕਰਨ ਲਈ ਅਗਲੇਰੀ ਕਾਰਵਾਈ ਕਰੇਗਾ।

ii. ਜਦੋ ਤੱਕ ਵਿਭਾਗ ਦਾ ਪੋਰਟਲ ਸ਼ੁਰੂ ਨਹੀਂ ਹੋ ਜਾਂਦਾ, ਉਦੋਂ ਤੱਕ ਹਰ ਇੱਕ ਬਲਾਕ ਅਧਿਕਾਰੀ ਵੱਲੋਂ ਆਪਣੇ ਦਫਤਰ ਵਿੱਚ ਵੱਖਰਾ ਰਜਿਸਟਰ ਮੇਨਟੇਨ ਕੀਤਾ ਜਾਵੇਗਾ, ਜਿਸ ਵਿੱਚ ਛੁੱਟੀ ਤੇ ਚੱਲ ਰਹੀਆਂ/ਗੈਰਹਾਜ਼ਰ ਚੱਲ ਰਹੀਆਂ ਆਂਗਣਵਾੜੀ ਵਰਕਰਾਂ/ ਆਂਗਣਵਾੜੀ ਹੈਲਪਰਾਂ ਸਿਵਾਏ ਅਚਨਚੇਤ ਸਾਰੀਆਂ ਛੁੱਟੀਆਂ ਦੇ ਵੇਰਵੇ ਦਰਜ ਹੋਣਗੇ। ਜਿਸ ਦਾ ਫਾਰਮੇਟ ਹੇਠ ਲਿਖੇ ਅਨੁਸਾਰ ਹੋਵੇਗਾ:

| ਲੜੀ ਨੰ: | ਆਂਗਨਵਾੜੀ ਵਰਕਰ/ ਹੈਲਪਰ ਦਾ ਨਾਮ | ਪਿੰਡ/ ਵਾਰਡ ਦਾ ਨਾਮ | ਕਿਹੜੀ ਛੁੱਟੀ ਮਨਜੂਰ ਕਰਵਾਈ ਗਈ ਹੈ/ ਛੁੱਟੀ ਦੀ ਕਿਸਮ | ਕਿਸ ਮਿਤੀ ਤੋਂ ਛੁੱਟੀ ਮਨਜੂਰ ਕਰਵਾਈ ਗਈ ਹੈ | ਕਿਸ ਮਿਤੀ ਤੱਕ ਛੁੱਟੀ ਮੰਜੂਰ ਕਰਵਾਈ ਗਈ ਹੈ | ਕੀ ਨਿਸ਼ਚਿਤ ਮਿਤੀ ਤੇ ਡਿਊਟੀ ਤੇ ਹਾਜਰ ਹੋ ਗਈ ਹੈ | ਜੇਕਰ ਨਹੀ ਤਾਂ ਮੁੜ ਕਿਸ ਮਿਤੀ ਨੂੰ ਡਿਊਟੀ ਤੇ ਹਾਜਰ ਹੋਈ/ ਜੁਆਇੰਨ ਕਰਵਾਇਆ ਗਿਆ ਮਿਤੀ ਲਿਖੀ ਜਾਵੇ | ਸਰਕਲ ਸੁਪਰਵਾਈਜ਼ਰ ਦੇ ਹਸਤਾਖਰ | ਸੀ.ਡੀ.ਪੀ.ਓ. ਦੇ ਹਸਤਾਖਰ |
|---|---|---|---|---|---|---|---|---|---|

Deputy Director
Department of Social Security and Women & Child Development, Punjab, Chandigarh

**ਭਾਗ-VII**

**ਆਂਗਨਵਾੜੀ ਵਰਕਰਾਂ/ ਆਂਗਨਵਾੜੀ ਹੈਲਪਰਾਂ ਦੀ ਯੋਗਤਾ ਵਿੱਚ ਵਾਧਾ ਅਤੇ ਰਿਟਾਇਰਮੈਂਟ ਸਬੰਧੀ ਹਦਾਇਤਾਂ**

1. **ਵਿਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ**

i. ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਆਪਣੀ ਵਿਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ ਫੀਸ ਜਮ੍ਹਾਂ ਕਰਵਾਉਣ/ਦਾਖਲਾ ਲੈਣ ਤੋਂ ਪਹਿਲਾਂ ਇਸ ਸਬੰਧੀ ਮੰਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ, ਜੋ ਕਿ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਦਿੱਤੀ ਜਾਵੇਗੀ।

ii. ਵਿਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ ਲਈ ਗਈ ਛੁੱਟੀ ਨੂੰ ਤਜਰਬੇ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

iii. ਆਂਗਣਵਾੜੀ ਵਰਕਰਾਂ ਨੂੰ Diploma in Early Childhood Care and Education ਡਿਸਟੈਂਸ ਐਜੂਕੇਸ਼ਨ/ਆਨਲਾਈਨ/ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਮੋਡ ਵਿੱਚ ਕਰਨ ਲਈ ਉਤਸ਼ਿਤ ਕੀਤਾ ਜਾਂਦਾ ਹੈ। ਇਸ ਸਬੰਧੀ ਵਿਸੇਸ਼ ਛੁੱਟੀ ਦਾ ਉਪਬੰਧ ਹੋਵੇਗਾ। ਇਹ ਛੁੱਟੀ ਭਾਗ VI (i) ਦੀ ਦਿੱਤੀ ਪਰਿਭਾਸ਼ਾ ਵਿੱਚ ਕਵਰ ਨਹੀਂ ਹੋਵੇਗੀ।

2. **ਸੇਵਾ ਮੁਕਤੀ**

i. ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਨੰ: ਸ-13 (ਆਈ.ਸੀ.ਡੀ.ਐੱਸ.) 2016/ 21433-75, ਮਿਤੀ 21.07.2016 ਅਨੁਸਾਰ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 65 ਸਾਲ ਰੱਖੀ ਗਈ ਹੈ। ਪ੍ਰੰਤੂ ਇਹ ਉਪਬੰਧ ਮਿਤੀ 21.07.2016 ਤੋਂ ਪਹਿਲਾਂ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਤੇ ਲਾਗੂ ਨਹੀਂ ਸੀ, ਕਿਉਂਕਿ ਇਹਨਾਂ ਦੀ ਸੇਵਾ ਮੁਕਤੀ ਦੀ ਉਮਰ ਵਿਭਾਗ ਦੀ ਅਧਿਸੂਚਨਾ ਪਿੱਠ ਅੰਕਣ ਨੰ:2/111/2018-2 ਇਬ/1330740/2-12, ਮਿਤੀ 11.10.2018 ਰਾਹੀਂ 70 ਸਾਲ ਨਿਸ਼ਚਿਤ ਕੀਤੀ ਗਈ ਸੀ। ਇਸ ਲਈ 21.07.2016 ਤੋਂ ਪਹਿਲਾਂ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ ਆਂਗਣਵਾੜੀ ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 70 ਸਾਲ, ਜਦੋਂਕਿ ਬਾਅਦ ਵਿੱਚ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ ਆਂਗਣਵਾੜੀ ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 65 ਸਾਲ ਹੋਵੇਗੀ। ਅਤੇ 01.01.2023 ਤੋ ਬਆਦ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ ਆਂਗਣਵਾੜੀ ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 60 ਸਾਲ ਹੋਵੇਗੀ।

ii. 60 ਸਾਲ ਦੇ ਸੇਵਾ ਨਿਰਵਰਤੀ ਦੀ ਸ਼ਰਤ ਇਹਨਾਂ ਹਦਾਇਤਾਂ ਦੇ ਲਾਗੂ ਹੋਣ ਉਪਰੰਤ ਕਿਸੇ ਵੀ ਤਰ੍ਹਾਂ ਦੇ ਲਾਭ (ਪੱਦਉਨਤ/ਐਡਜਸਟਮੈਂਟ/ਬਦਲੀ/ਆਸ਼ਰਿਤ ਦੇ ਤੋਰ ਤੇ) ਲੈਣ ਤੇ ਲਾਗੂ ਹੋਵੇਗੀ।

| ਲੜੀ ਨੰ. | ਆਂਗਣਵਾੜੀ ਵਰਕਰ/ ਹੈਲਪਰ ਦੀ ਭਰਤੀ ਦੀ ਮਿਤੀ | ਸੇਵਾ-ਮੁਕਤੀ ਦੀ ਉਮਰ |
|---|---|---|
| 1. | 21.07.2016 ਤੱਕ | 70 ਸਾਲ |
| 2. | 21.07.2016 ਤੋਂ 31.12.2022 ਤੱਕ | 65 ਸਾਲ |
| 3. | 01.01.2023 ਤੋ ਬਆਦ | 60 ਸਾਲ |

iii. ਸੇਵਾ ਮੁਕਤ ਹੋਣ ਵਾਲੀਆਂ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਅਧਿਸੂਚਨਾ ਪਿੱਠ ਅੰਕਣ ਨੰ:2/111/2018-2 ਇਬ/1330740/2-12, ਮਿਤੀ 11.10.2018 ਅਨੁਸਾਰ ਨਿਰਧਾਰਤ ਲਾਭ/ਐਕਸ-ਗ੍ਰੇਸ਼ੀਆ ਜਾਂ ਜੋ ਲਾਭ ਪੰਜਾਬ ਸਰਕਾਰ ਵੱਲੋ ਸਮੇਂ-ਸਮੇਂ ਤੇ ਨਿਰਧਾਰਤ ਕੀਤਾ ਜਾਵੇਗਾ, ਮਿਲਣਯੋਗ ਹੋਵੇਗਾਂ।

Deputy Director
Department of Social Security and Women &
Child Development, Punjab, Chandigarh

iv. 50 ਸਾਲ ਦੀ ਉਮਰ ਪੂਰੀ ਕਰ ਚੁੱਕੀਆਂ ਆਂਗਣਵਾੜੀ ਵਰਕਰਾਂ/ ਆਂਗਣਵਾੜੀ ਹੈਲਪਰਾਂ ਕਿਸੇ ਵੀ ਵੇਲੇ ਸਵੈ-ਇੱਛੁਕ ਤੌਰ ਤੇ ਸੇਵਾ-ਮੁਕਤੀ ਲੈ ਸਕਦੀਆਂ ਹਨ। ਅਜਿਹੀਆਂ ਆਂਗਣਵਾੜੀ ਵਰਕਰਾਂ/ਆਂਗਣਵਾੜੀ ਹੈਲਪਰਾਂ ਨੂੰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਅਧਿਸੂਚਨਾ ਪਿੱਠ ਅੰਕਣ ਨੰ:2/111/2018-2 ਇਬ/1330740/2-12, ਮਿਤੀ 11.10.2018 ਅਨੁਸਾਰ ਨਿਰਧਾਰਤ ਲਾਭ/ਐਕਸ-ਗ੍ਰੇਸ਼ੀਆ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਮਿਲਣਯੋਗ ਹੋਵੇਗਾਂ।

**ਭਾਗ-VIII**

**ਅਨੁਸ਼ਾਸਨਹੀਣ ਆਂਗਨਵਾੜੀ ਵਰਕਰਾਂ/ਹੈਲਪਰਾਂ ਵਿਰੁੱਧ ਸੁਧਾਰਾਤਮਕ ਕਾਰਵਾਈ ਕਰਨ ਸਬੰਧੀ ਹਦਾਇਤਾਂ**

i. ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਚੰਗਾਂ ਵਤੀਰਾ ਕਰਦੇ ਹੋਏ ਪਿੰਡ/ਵਾਰਡ ਦੀ ਆਦਰਸ਼ ਭੂਮਿਕਾ ਰੋਲ ਮਾਡਲ ਵਜੋਂ ਆਪਣੀ ਭੂਮਿਕਾ ਨਿਭਾਉਣ ਅਤੇ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਸਰਕਾਰ ਵੱਲੋ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਲਾਭ ਨੂੰ ਆਮ ਲੋਕਾਂ ਤੱਕ ਪਹੁੰਚਾਉਣ।

ii. ਜੇਕਰ ਅਧਿਕਾਰੀ/ਕਰਮਚਾਰੀ/ਪੰਚਾਇਤ/ਐਮ.ਸੀ. ਵੱਲੋਂ ਲਿਖਤੀ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਸੰਬੰਧਿਤ ਆਂਗਣਵਾੜੀ ਵਰਕਰ ਆਂਗਣਵਾੜੀ ਜਾਂ ਹੈਲਪਰ ਵੱਲੋ ਲੜਾਈ ਝਗੜਾ ਕਰਕੇ ਆਂਗਣਵਾੜੀ ਸੈਂਟਰ ਦਾ ਮਾਹੌਲ ਖ਼ਰਾਬ ਕੀਤਾ ਜਾ ਰਿਹਾ ਹੈ ਆਂਗਣਵਾੜੀ ਸੈਂਟਰ ਦੇ ਲਾਭਪਾਤਰੀਆਂ ਨੂੰ ਲਾਭ ਨਹੀਂ ਦਿੱਤੀ ਜਾ ਰਿਹਾ ਹੈ ਤਾਂ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਵੱਲੋਂ ਉਸ ਖ਼ਿਲਾਫ਼ ਪੜਤਾਲ ਕਰਨ ਉਪਰੰਤ ਜੇਕਰ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਉਸ ਖ਼ਿਲਾਫ਼ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

iii. ਦੋਸ਼ੀ ਪਾਏ ਜਾਣ ਦੀ ਸੂਰਤ ਵਿੱਚ ਆਂਗਣਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਦੇ ਸਾਲਾਨਾ ਮਾਣਭੱਤੇ ਵਿਚ ਵਾਧਾ ਇਕ ਸਾਲ ਲਈ ਜਾਂ ਵੱਧ ਸਮੇਂ ਲਈ ਬੰਦ ਕੀਤਾ ਜਾ ਸਕਦਾ ਹੈ ਅਤੇ ਉਸ ਦਾ ਇਹ ਤਜਰਬਾ ਉਸ ਦੀ ਤਰੱਕੀ/ਪੱਦਉਨਤੀ ਲਈ ਨਹੀਂ ਮੰਨਿਆ ਜਾਵੇਗਾ।

iv. ਆਂਗਣਵਾੜੀ ਸੈਂਟਰ ਦੀਆਂ ਜਰੂਰੀ ਸੇਵਾਵਾਂ (Essential Services) ਦੇ ਅਧੀਨ ਆਉਂਦੀਆਂ ਹਨ, ਜਿਸ ਤਹਿਤ ਲਾਭਪਾਤਰੀਆਂ ਨੂੰ ਐਸ.ਐਨ.ਪੀ ਅਤੇ ਹੋਰ ਸਕੀਮਾਂ ਦੇ ਲਾਭ ਦਿੱਤੇ ਜਾਂਦੇ ਹਨ। ਇਸ ਲਈ ਆਂਗਣਵਾੜੀ ਵਰਕਰਾਂ ਵਲੋਂ ਇਹ ਸੇਵਾਵਾਂ ਨਾ ਦੇਣ ਤੇ ਜਰੂਰੀ ਸੇਵਾਵਾਂ ਦੇ ਲਈ ਬਣੇ ਕਾਨੂੰਨ ਤਹਿਤ ਕਾਰਵਾਈ ਕਰਨ ਦੇ ਲਈ ਵਿਭਾਗ ਪਾਸ ਅਧਿਕਾਰ ਹੋਣਗੇ।

v. ਆਂਗਣਵਾੜੀ ਵਰਕਰ/ਹੈਲਪਰ ਵੱਲੋ ਰਾਜਨੀਤਿਕ ਪਾਰਟੀਆਂ ਜੁਆਇਨ ਕਰਨ ਤੇ ਮੁਕੰਮਲ ਪਾਬੰਦੀ ਹੋਵੇਗੀ ਅਤੇ ਆਂਗਣਵਾੜੀ ਵਰਕਰਾਂ/ਹੈਲਪਰਾਂ ਸਿਆਸੀ ਗਤੀਵਿੱਧੀਆਂ ਵਿੱਚ ਹਿੱਸਾ ਨਹੀਂ ਲੈ ਸਕਦੀਆਂ ਹਨ। ਵਰਕਰਾਂ/ਹੈਲਪਰਾਂ ਵਲੋਂ ਸਰਕਾਰ ਦੇ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਪ੍ਰਚਾਰ ਕਰਨ ਤੇ ਮੁਕੰਮਲ ਪਾਬੰਦੀ ਹੋਵੇਗੀ।

vi. ਆਂਗਣਵਾੜੀ ਵਰਕਰ/ਹੈਲਪਰ ਦੇ ਖਿਲਾਫ ਜੇਕਰ ਪੱਖ-ਪਾਤ ਦੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਜਾਂ ਉਸ ਵੱਲੋ ਸਰਕਾਰ ਦੀਆਂ ਸਕੀਮਾਂ ਦਾ ਲਾਭ ਲਾਭਪਾਤਰੀਆਂ ਨੂੰ ਨਹੀਂ ਦਿੱਤਾ ਜਾਂਦਾ ਤਾਂ ਇਸ ਸਬੰਧੀ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਵੱਲੋਂ ਉਸ ਖ਼ਿਲਾਫ਼ ਪੜਤਾਲ ਕਰਨ ਉਪਰੰਤ ਜੇਕਰ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਉਸ ਖ਼ਿਲਾਫ਼ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਤੁਰੰਤ ਪ੍ਰਭਾਵ ਨਾਲ ਸੇਵਾਵਾਂ ਖਤਮ ਕੀਤੀਆਂ ਜਾਣਗੀਆਂ।

vii. ਆਂਗਣਵਾੜੀ ਵਰਕਰ/ਹੈਲਪਰ ਪਿੰਡ ਪੱਧਰ/ਸ਼ਹਿਰ ਪੱਧਰ ਤੇ ਵੱਖ-ਵੱਖ ਅਦਾਲਤਾਂ ਵਲੋਂ ਦਿੱਤੇ ਫੈਸਲਿਆਂ ਦੇ ਸਨਮੁੱਖ ਪੰਚਾਇਤਾ ਚੋਣਾ/ਮਿਊਸੀਪਲ ਚੋਣਾਂ ਵਿੱਚ ਬਤੌਰ ਵਰਕਰ ਜਾਂ ਹੈਲਪਰ ਕੰਮ ਕਰਦੇ ਹੋਏ ਭਾਗ ਲੈ ਸਕਦੀ ਹੈ, ਪ੍ਰੰਤੂ ਪੰਚ/ਸਰਪੰਚ/ਕਾਊਂਸਲਰ ਵਜੋ ਸਹੁੰ ਚੁੱਕਣ ਤੇ ਉਸ ਨੂੰ ਆਂਗਣਵਾੜੀ ਵਰਕਰ/ਹੈਲਪਰ ਦੀ ਅਸਾਮੀ ਤੋਂ ਅਸਤੀਫਾ ਦੇਣਾ ਪਵੇਗਾ ਅਤੇ ਅਸਤੀਫਾ ਦੇਣ ਤੇ ਉਸ ਨੂੰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਅਧਿਸੂਚਨਾ ਪਿੱਠ ਅੰਕਣ ਨੰ:2/111/2018-2 ਇਬ/1330740/2-12, ਮਿਤੀ 11.10.2018 ਅਨੁਸਾਰ ਨਿਰਧਾਰਤ ਲਾਭ/ਐਕਸ-ਗ੍ਰੇਸ਼ੀਆ ਮਿਲਣਯੋਗ ਹੋਵੇਗਾਂ। ਜੇਕਰ ਸਬੰਧਤ ਆਂਗਣਵਾੜੀ

Deputy Director
Department of Social Security and Women &
Child Development, Punjab, Chandigarh

ਵਰਕਰ/ਹੈਲਪਰ ਵੱਲੋ ਅਸਤੀਫਾ ਨਹੀਂ ਦਿੱਤਾ ਜਾਂਦਾ ਹੈ, ਤਾਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਆਂਗਣਵਾੜੀ ਵਰਕਰ/ਹੈਲਪਰ ਦੀਆਂ ਸੇਵਾਵਾਂ ਤੁਰੰਤ ਪ੍ਰਭਾਵ ਤੋ ਸਮਾਪਤ ਕਰੇਗਾ ਅਤੇ ਆਂਗਣਵਾੜੀ ਵਰਕਰ/ਹੈਲਪਰ ਨੂੰ ਕੋਈ ਵਿੱਤੀ ਲਾਭ ਮਿਲਣਯੋਗ ਨਹੀਂ ਹੋਵੇਗਾ।

viii. ਆਂਗਣਵਾੜੀ ਵਰਕਰ/ਹੈਲਪਰ ਕਿਸੇ ਵੀ ਸੰਸਥਾਂ ਵਿੱਚ ਪੂਰਨ ਅਹੁੱਦਾ (Full-time Job) ਨਹੀਂ ਰੱਖ ਸਕਦੀ ਹੈ। ਜੇਕਰ ਅਜਿਹੀ ਸੂਚਨਾਂ ਜਾਂ ਸ਼ਕਾਇਤ ਪ੍ਰਾਪਤ ਹੁੰਦੀ ਹੈ ਤਾਂ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

ix. ਜੇਕਰ ਸਬੰਧਤ ਆਂਗਨਵਾੜੀ ਵਰਕਰ/ਹੈਲਪਰ ਵੱਲੋਂ ਇੱਕ ਸਾਲ ਵਿੱਚ ਅਸਾਧਰਨ ਅਚਨਚੇਤ ਛੁੱਟੀਆਂ ਅਵੇਲ ਕੀਤੀਆਂ ਜਾਂਦੀਆਂ ਹਨ ਤਾਂ ਸਬੰਧਤ ਬਾਲ ਵਿਕਾਸ ਪ੍ਰਾਜੈਕਟ ਅਫਸਰ ਵੱਲੋਂ ਉਸ ਦੀਆਂ ਸੇਵਾਵਾਂ ਖ਼ਤਮ ਕਰਨ ਲਈ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੂੰ ਸਿਫ਼ਾਰਿਸ਼ ਕੀਤੀ ਜਾਵੇਗੀ।

3. **ਸੌਂਪਿਆ ਗਿਆ ਕੰਮ ਵਾਪਿਸ ਲੈਣ ਦੀ ਵਿਧੀ**

i. ਕਿਸੇ ਆਂਗਣਵਾੜੀ ਵਰਕਰ/ਆਂਗਣਵਾੜੀ ਹੈਲਪਰ ਦੇ:

- ਬਿਨਾਂ ਛੁੱਟੀ ਪ੍ਰਵਾਨ ਕਰਵਾਇਆਂ ਲਗਾਤਾਰ ਪੰਦਰਾਂ ਦਿਨ ਜਾਂ ਉਸ ਤੋਂ ਵੱਧ ਸਮਾਂ ਗੈਰ-ਹਾਜ਼ਰ ਰਹਿਣ; ਜਾਂ
- ਲੋੜੀਂਦੇ ਰਜਿਸਟਰ/ਰਿਕਾਰਡ ਨਾ ਮੇਨਟੇਨ ਕਰਨ ਕਾਰਨ; ਜਾਂ
- ਆਂਗਣਵਾੜੀ ਸੈਂਟਰ ਅਤੇ ਉਸ ਵਿਚਲਾ ਸਾਜੋ-ਸਾਮਾਨ ਨਾ ਮੇਨਟੇਨ ਕਰਨ ਕਾਰਨ; ਜਾਂ
- ਉਸਦਾ ਕੰਮ-ਕਾਜ/ਵਿਵਹਾਰ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ (ਅਜਿਹੇ ਕੇਸਾਂ ਵਿੱਚ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਕਾਰਨ ਨੂੰ ਲਿਖਤੀ ਰੂਪ ਵਿੱਚ ਰਿਕਾਰਡ ਕਰਨਾ ਯਕੀਨੀ ਬਣਾਏਗਾ।)
- ਕਿਸੇ ਵੀ ਕਿਸਮ ਦੀ ਸਜ਼ਾ ਹੋਣ ਕਾਰਨ ਜਾਂ ਕਿਸੇ ਸੰਗੀਨ ਜੁਰਮ ਵਿੱਚ ਪੁਲਿਸ ਵੱਲੋ ਗ੍ਰਿਫਤਾਰੀ ਹੋਣ ਕਾਰਨ
- ਰਾਜਨਿਤਿਕ ਪਾਰਟੀ ਨੂੰ ਜੁਆਇਨ ਕਰਕੇ ਰਾਜਨੀਤਿਕ ਗਤੀਵਿਧੀਆਂ ਵਿੱਚ ਭਾਗ ਲੈਣ ਕਾਰਨ
- ਆਂਗਣਵਾੜੀ ਵਰਕਰ/ਹੈਲਪਰ ਪਿੰਡ ਪੱਧਰ ਤੇ ਪੰਚ/ਸਰਪੰਚ ਵਜੋ ਸੌਂਹ ਚੁੱਕਣ ਉਪਰੰਤ 15 ਦਿਨਾਂ ਦੇ ਅੰਦਰ-ਅੰਦਰ ਅਸਤੀਫਾ ਨਾ ਦੇਣ ਕਾਰਨ

ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਮੁੱਢਲੀ ਪੜਤਾਲ ਕਰਨ ਅਤੇ ਅਜਿਹੀ ਵਰਕਰ/ਹੈਲਪਰ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦੇਣ ਉਪਰੰਤ ਇਹ ਤਸੱਲੀ ਹੋਣ ਤੇ ਕਿ ਉਸ ਪਾਸੋਂ ਕੰਮ ਵਾਪਸ ਲਏ ਜਾਣ ਸਬੰਧੀ ਕੋਈ ਵਾਜਿਬ ਕਾਰਣ ਮੌਜੂਦ ਹੈ, ਤਾਂ ਇਸ ਸਬੰਧੀ ਤਜਵੀਜ਼ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਪ੍ਰਵਾਨਗੀ ਹਿੱਤ ਪੇਸ਼ ਕਰੇਗਾ।

ii. ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਇਕ ਹਫਤੇ ਦੇ ਅੰਦਰ-ਅੰਦਰ ਸਬੰਧਤ ਵਰਕਰ ਪਾਸੋਂ ਕੰਮ ਵਾਪਸ ਲੈਣ ਦੇ ਹੁਕਮ ਜਾਰੀ ਕਰੇਗਾ।

4. **ਸੌਂਪਿਆ ਗਿਆ ਕੰਮ ਛੱਡਣ ਦੀ ਵਿਧੀ**

i. ਆਂਗਣਵਾੜੀ ਵਰਕਰ ਖੁਦ ਵੀ 1 ਮਹੀਨੇ ਦਾ ਲਿਖਤੀ ਨੋਟਿਸ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਦੇ ਕੇ ਜਾਂ ਇਸ ਦੇ ਬਰਾਬਰ ਸਮੇਂ ਦਾ ਮਾਣਭੱਤਾ ਜਮਾਂ ਕਰਵਾ ਕੇ ਕੰਮ ਤੋਂ ਅਸਤੀਫਾ ਦੇ ਸਕਦੀ ਹੈ। ਬਾਲ ਵਿਕਾਸ ਪ੍ਰੋਜੈਕਟ ਅਫਸਰ ਪ੍ਰਾਪਤ ਹੋਏ ਅਸਤੀਫੇ ਨੂੰ ਤੁਰੰਤ ਡਾਇਰੀ ਕਰਵਾਏਗਾ ਅਤੇ ਇਕ ਮਹੀਨੇ ਦੇ ਅੰਦਰ-ਅੰਦਰ ਅਸਤੀਫਾ ਪ੍ਰਵਾਨ ਕਰਨ ਦੇ ਬਕਾਇਦਾ ਹੁਕਮ ਜਾਰੀ ਕਰਦੇ ਹੋਏ ਇਸ ਦੀ ਸੂਚਨਾਂ ਜਿਲਾ ਪ੍ਰੋਗਰਾਮ ਅਫਸਰ ਨੂੰ ਭੇਜਣ ਲਈ ਪਾਬੰਦ ਹੋਵੇਗਾ।

ii. ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਅਸਤੀਫਾ ਤੁਰੰਤ ਪ੍ਰਵਾਨ ਕੀਤਾ ਜਾਵੇਗਾ ਅਤੇ ਉਸ ਪਾਸ ਅਸਤੀਫਾ ਰੱਦ ਕਰਨ ਦਾ ਕੋਈ ਵਿਕਲਪ ਨਹੀਂ ਹੋਵੇਗਾ। ਇੱਕ ਵਾਰ ਪ੍ਰਵਾਨ ਹੋਇਆ ਅਸਤੀਫਾ ਵਾਪਸ ਨਹੀਂ ਲਿਆ ਜਾ ਸਕੇਗਾ।

iii. ਜੇਕਰ ਕਿਸੇ ਆਂਗਣਵਾੜੀ ਵਰਕਰ/ਹੈਲਪਰ ਵੱਲੋ ਕਿਸੇ ਕਾਰਨ (ਪਰਿਵਾਰਕ ਦਬਾਅ, ਝਗੜਾ, ਕਾਨੂੰਨੀ ਕਾਰਵਾਈ, ਆਦਿ) ਅਸਤੀਫਾ ਦਿੱਤਾ ਜਾਂਦਾ ਹੈ ਅਤੇ ਉਸ ਵੱਲੋ ਇਸ ਪੁਖਤਾ ਸਬੂਤ ਦਿੰਦੇ ਹੋਏ ਲਿਖਤੀ ਪ੍ਰਤੀਬੇਨਤੀ

Deputy Director
Department of Social Security and Women &
Child Development, Punjab, Chandigarh

ਦਿੰਦੇ ਹੋਏ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਫੈਸਲਾ ਪਹਿਲੀ ਅਪੀਲ ਕਮੇਟੀ ਵੱਲੋ ਕੀਤਾ ਜਾਵੇਗਾ।

## ਭਾਗ-IX

## ਆਂਗਨਵਾੜੀ ਵਰਕਰਾਂ/ ਆਂਗਨਵਾੜੀ ਹੈਲਪਰਾਂ ਦੀ ਭਰਤੀ ਸਬੰਧੀ ਸ਼ਕਾਇਤਾ ਦੇ ਨਿਵਾਰਣ ਸਬੰਧੀ ਹਦਾਇਤਾਂ

1. **ਪਹਿਲੀ ਅਪੀਲ ਕਮੇਟੀ**

i. ਇਸ ਨੋਟੀਫਿਕੇਸ਼ਨ ਅਨੁਸਾਰ ਕੀਤੇ ਗਏ ਫੈਸਲਿਆਂ ਦੇ ਵਿਰੁੱਧ ਪਹਿਲੀ ਅਪੀਲ ਕਮੇਟੀ ਅੱਗੇ ਫੈਸਲਾ ਹੋਣ ਤੋ 30 ਦਿਨਾਂ ਦੇ ਅੰਦਰ-ਅਦੰਰ ਕੀਤੀ ਜਾ ਸਕੇਗੀ। ਪਹਿਲੀ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

I. ਵਧੀਕ ਡਿਪਟੀ ਕਮਿਸ਼ਨਰ (ਜ) ਬਤੌਰ ਚੇਅਰਮੈਨ/ਚੇਅਰਪਰਸਨ;

II. ਸੰਬੰਧਤ ਜ਼ਿਲਾ ਸਿੱਖਿਆ ਅਫਸਰ (ਐਲੀਮੈਂਟਰੀ);

III. ਸੰਬੰਧਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਬਤੌਰ ਮੈਂਬਰ-ਸਕੱਤਰ।

ii. ਪਹਿਲੀ ਅਪੀਲ ਕਮੇਟੀ ਜੇਕਰ ਯੋਗ ਸਮਝੇ ਤਾ ਲਿਖਤੀ ਰਿਕਾਰਡ ਵਿੱਚ ਕਾਰਨ ਦਰਜ ਕਰਦੇ ਹੋਏ ਨੋਟੀਫਿਕੇਸ਼ਨ ਅਨੁਸਾਰ ਕੀਤੇ ਗਏ ਫੈਸਲਿਆਂ ਦੇ ਵਿਰੁੱਧ ਪਹਿਲੀ ਅਪੀਲ ਦੇ ਦਾਇਰ ਕਰਨ ਦੇ ਸਮੇਂ ਵਿੱਚ 30 ਦਿਨਾਂ ਦੀ ਦੇਰੀ ਦੇ ਸਮੇਂ ਵਿੱਚ ਰਿਆਇਤ ਦੇ ਸਕਦੀ ਹੈ।

iii. ਪਹਿਲੀ ਅਪੀਲ ਕਮੇਟੀ ਨੂੰ ਅਪੀਲ ਦਾਇਰ ਹੋਣ ਤੋਂ 30 ਦਿਨਾਂ ਦੇ ਅੰਦਰ ਫੈਸਲਾ ਕਰਨਾ ਲਾਜ਼ਮੀ ਹੋਵੇਗਾ।

2. **ਦੂਜੀ ਅਪੀਲ ਕਮੇਟੀ**

ਇਸ ਨੋਟੀਫਿਕੇਸ਼ਨ ਅਨੁਸਾਰ ਕੀਤੇ ਗਏ ਫੈਸਲਿਆਂ ਅਤੇ ਪਹਿਲੀ ਅਪੀਲ ਕਮੇਟੀ ਦੇ ਫੈਸਲੇ ਵਿਰੁੱਧ ਦੂਜੀ ਅਪੀਲ ਐਪੀਲੇਟ ਕਮੇਟੀ ਦੇ ਸਨਮੁੱਖ ਕੀਤੀ ਜਾ ਸਕਦੀ ਹੈ, ਜਿਸਦਾ ਫੈਸਲਾ ਅੰਤਿਮ ਹੋਵੇਗਾ।

ਦੂਜੀ ਅਪੀਲ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

I. ਡਾਇਰੈਕਟਰ ਬਤੌਰ ਚੇਅਰਮੈਨ/ਚੇਅਰਪਰਸਨ;

II. ਵਧੀਕ/ਸਯੁਕੰਤ/ਡਿਪਟੀ ਡਾਇਰੈਕਟਰ, ਬਤੌਰ ਮੈਂਬਰ;

III. ਸੰਬੰਧਤ ਡਿਪਟੀ ਡਾਇਰੈਕਟਰ ਬਤੌਰ ਮੈਂਬਰ-ਸਕੱਤਰ।

## ਭਾਗ-X

## ਫੁਟਕਲ ਹਦਾਇਤਾਂ

i. **ਪੋਰਟਲ ਅਤੇ ਡਾਟਾਬੇਸ:** ਵਿਭਾਗ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਇੱਕ ਡਾਟਾਬੇਸ ਤਿਆਰ ਕੀਤਾ ਜਾਵੇਗਾ, ਜੋ HRMS ਦੀ ਤਰਜ ਤੇ ਉਨ੍ਹਾਂ ਦੀਆਂ ਸੇਵਾਵਾਂ (Service Matters) ਜਿਵੇਂ ਕਿ ਭਰਤੀ, ਐਡਜਸਟਮੈਂਟ, ਪ੍ਰਮੋਸ਼ਨ, ਛੁੱਟੀਆਂ ਆਦਿ ਲਈ ਸਿੰਗਲ ਪਲੇਟਫਾਰਮ ਦੇ ਤੌਰ ਤੇ ਕੰਮ ਕਰੇਗਾ। ਇਸ ਡਾਟਾਬੇਸ ਦੀ ਮੈਨੇਜਮੈਂਟ ਲਈ ਇੱਕ ਪੋਰਟਲ (Portal) ਤਿਆਰ ਕੀਤਾ ਜਾਵੇਗਾ, ਜਿਸ ਰਾਹੀਂ ਇਸ ਡਾਟਾਬੇਸ ਵਿੱਚ ਡਾਟਾ-ਐਂਟਰੀ ਅਤੇ ਅਪਡੇਸ਼ਨ (Updation) ਕੀਤੀ ਜਾਵੇਗੀ। ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਿਭਾਗ ਵੱਲੋਂ ਬਣਾਏ ਜਾਣ ਵਾਲੇ portal ਉੱਪਰ ਜਾਣਕਾਰੀ ਅਪਡੇਟ ਕਰਨ ਲਈ ਜਿੰਮੇਵਾਰ ਹੋਣਗੇ। ਜਦੋ ਤੱਕ ਵਿਭਾਗ ਦਾ ਪੋਰਟਲ ਸ਼ੁਰੂ ਨਹੀਂ ਹੋ ਜਾਂਦਾ, ਉਦੋਂ ਤੱਕ ਭਰਤੀ ਦੀ ਪ੍ਰਕਿਰਿਆ ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਪਹਿਲਾਂ ਵਾਂਗ ਹੀ Manually ਕੀਤੀ ਜਾਵੇਗੀ।

ii. **ਭਵਿੱਖ ਵਿੱਚ ਕੀਤੀ ਜਾਣ ਵਾਲੀ ਸੋਧ :** ਵਰਤੋਂਕਾਰਾਂ ਦੀ ਸਹੂਲਤ ਲਈ ਭਵਿੱਖ ਵਿੱਚ ਜਦੋਂ ਵੀ ਇਸ ਨੋਟੀਫਿਕੇਸ਼ਨ ਵਿੱਚ ਸੋਧ ਕੀਤੀ ਜਾਵੇਗੀ, ਤਾਂ ਉਸ ਸੋਧ ਸਹਿਤ ਨਵਾਂ ਖਰੜਾ ਨੋਟੀਫਾਈ ਕੀਤਾ ਜਾਵੇਗਾ। ਇਸ ਤੋਂ ਬਿਨਾਂ ਕੀਤੀ ਗਈ ਸੋਧ ਮੰਨਣਯੋਗ ਨਹੀਂ ਹੋਵੇਗੀ।

Deputy Director
Department of Social Security and Women &
Child Development, Punjab, Chandigarh

ਡਿ.ਡਾ(E847535)/2025/I/1157209/2025 ਮਿਤੀ 22.07.2025

iii. ਇਹਨਾਂ ਹਦਾਇਤਾਂ ਦੀ ਵਿਆਖਿਆ ਵਿੱਚ ਜੇਕਰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋ ਕੀਤੀ ਗਈ ਵਿਆਖਿਆ ਅੰਤਿਮ ਹੋਵੇਗੀ।

iv. ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੀਆਂ।

v. **ਹਦਾਇਤਾਂ ਵਿੱਚ ਛੋਟ/ਰਿਆਇਤ ਦੇਣ ਦੇ ਅਧਿਕਾਰ:** ਜੇਕਰ ਸਰਕਾਰ ਦੀ ਰਾਏ ਵਿੱਚ ਕਿਸੇ ਕਾਰਣ ਕਰਕੇ, ਜਿਸਨੂੰ ਲਿਖਤੀ ਰੂਪ ਵਿੱਚ ਰਿਕਾਰਡ ਕੀਤਾ ਜਾਵੇਗਾ, ਇਹਨਾਂ ਹਦਾਇਤਾਂ ਦੇ ਕਿਸੇ ਨੁਕਤੇ ਵਿੱਚ ਛੋਟ/ਰਿਆਇਤ ਦੇਣਾ ਲਾਜ਼ਮੀ ਹੈ ਜਾਂ ਉਚਿਤ ਹੈ, ਤਾਂ ਉਹ ਅਜਿਹਾ ਕਰਨ ਦੇ ਹੁਕਮ ਕਰ ਸਕਦੀ ਹੈ।

vi. **ਵਿੱਲਖਣ ਕੇਸ:** ਜੇਕਰ ਕੋਈ ਕੇਸ ਹਦਾਇਤਾਂ ਵਿੱਚ ਕਵਰ ਨਹੀਂ ਹੁੰਦਾ ਤਾਂ ਅਜਿਹੇ ਕੇਸਾਂ ਵਿੱਚ ਫੈਸਲਾ ਲੈਣ ਲਈ ਭਾਗ-IX ਵਿੱਚ ਦਰਜ ਦੂਜੀ ਅਪੀਲ ਕਮੇਟੀ ਇਹਨਾਂ ਕੇਸਾਂ ਦਾ ਨਿਪਟਾਰਾ ਕਰੇਗੀ।

vii. ਭਾਗ-I ਵਿੱਚ ਦਰਜ ਸ਼ਡਿਊਲ ਨੂੰ ਲਾਗੂ ਕਰਵਾਉਣ ਦੀ ਜਿਮੇਵਾਰੀ ਸਬੰਧਤ ਜਿਲ੍ਹਾ ਪ੍ਰੋਗਰਾਮ ਅਫਸਰ ਦੀ ਹੋਵੇਗੀ। ਇਸ ਤੋ ਇਲਾਵਾ ਹਦਾਇਤਾਂ ਦੇ ਸਨਮੁੱਖ ਕੋਈ ਵੀ ਕਾਰਵਾਈ ਕਰਨ ਲਈ ਰਿਪੋਰਟ ਸਮੇਂ ਸਿਰ ਦੇਣ ਦੀ ਜਿਮੇਵਾਰੀ ਸਬੰਧਤ ਸਰਕਲ ਸੁਪਰਵਾਈਜ਼ਰ ਦੀ ਹੋਵੇਗੀ।

Deputy [illegible]
Department of Social Security and Women &
Child Development, Punjab, Chandigarh

ਡਿ.ਡਾ(E847535)/2025/I/1157209/2025 ਮਿਤੀ 22.07.2025

## ਆਂਗਣਵਾੜੀ ਵਰਕਰ ਦੀ ਸਿੱਧੀ ਭਰਤੀ ਲਈ ਪ੍ਰੋਫਾਰਮਾ

| S. No | Name of the Candidate | Father's/ Husband's Name | DOB (DD.MM.YYYY) | Is the Candidate, a Widow? (If Yes: Write 1/ If no Write 0) | Category (General/SC/BC) | Preferential Category Applicable (1/2) | Punjabi Passed at Matric or Higher Level (Y/N) | 10 Marks (Convert Percentage Out of 5 upto 2 decimal points only) | 10+2 Marks (Convert Percentage Out of 25 upto 2 decimal points only) | NTT Passed (Convert Percentage Out of 5 upto 2 decimal points only) | B.Ed/ETT Passed (Convert Percentage Out of 5 upto 2 decimal points only) | NCC/NSS/Sports Marks (Max 5 Marks) | Widow//NRI Destitute Women/Divorcee (at Least 5 Years) 5 Marks | Data/Documents Verified and Found Correct (Y/N) | Total Qualification marks | Rank in merit | Result |
|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 13 | 14 | 15 | 16 | 17 | 18 | 19 |
| | | | | | | | | | | | | | | | | | |

Deputy Director
Department of Social Security and Women & Child Development, Punjab, Chandigarh

ਡਿ.ਡਾ(E847535)/2025/I/1157209/2025 ਮਿਤੀ 22.07.2025

# ਆਂਗਣਵਾੜੀ ਹੈਲਪਰ ਦੀ ਸਿੱਧੀ ਭਰਤੀ ਲਈ ਪ੍ਰੋਫਾਰਮਾ

| Name of the Candidate | Father's/ Husband's Name | DOB (DD.MM.YYYY) | Is the Candidate, a Widow? (If Yes: Write 3/ If no Write 0) | Category (General/SC/BC) | Preferential Category Applicable (Y/N) | Punjabi Passed at Matric or Higher Level (Y/N) | 10th passed (Y/N) | 10th Marks (Convert Percentage Out of 25 upto 2 decimal points) | 10+2 Marks (Convert Percentage Out of 10 upto 2 decimal points) | NTT Marks (Convert Percentage Out of 5 upto 2 decimal Points) | NCC/NSS/Sports Marks (Max 5 Marks) | Widow/ NRI Destitute Women/Divorcee (at Least 5 Years) 5 Marks | Data/Documents Verified and Found Correct (Y/N) | Total Qualification marks | Rank in merit | Result |
|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 |
| | | | | | | | | | | | | | | | | |

Deputy Director
Department of Social Security and Women & Child Development, Punjab, Chandigarh